



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post





To view our online newspaper visit **punjabipost.ca/epaper** | Vol 23* Issue 69 | Monday, April 15, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ




# ਜੀ-7 ਮੁਲਕਾਂ ਨੇ ਦਿੱਤੀ ਚੇਤਾਵਨੀ-ਇਰਾਨ ਵੱਲੋਂ ਇਜ਼ਰਾਈਲ ਉੱਤੇ ਕੀਤੇ ਹਮਲੇ ਨਾਲ ਸਥਿਤੀ ਹੋ ਜਾਵੇਗੀ ਤਣਾਅਪੂਰਨ



ਓਟਵਾ, 14 ਅਪਰੈਲ (ਪੋਸਟ ਬਿਊਰੋ) : ਵੀਡੀਓ ਕਾਨਫਰੰਸ ਰਾਹੀਂ ਐਤਵਾਰ ਨੂੰ ਕੀਤੀ ਗਈ ਮੀਟਿੰਗ ਵਿੱਚ ਕੈਨੇਡਾ ਦੇ ਜੀ-7 ਦੇ ਹੋਰਨਾਂ ਮੈਂਬਰ ਮੁਲਕਾਂ ਦੇ ਆਗੂਆਂ ਨੇ ਆਖਿਆ ਕਿ ਵੀਕੈਂਡ ਉੱਤੇ ਇਰਾਨ ਵੱਲੋਂ ਇਜ਼ਰਾਈਲ ਉੱਤੇ ਕੀਤੇ ਗਏ ਹਮਲੇ ਨਾਲ ਮੱਧ ਪੂਰਬ ਵਿੱਚ ਸਥਿਤੀ ਹੋਰ ਤਣਾਅਪੂਰਣ ਹੋ ਜਾਵੇਗੀ। ਇਸ ਨਾਲ ਇਸ ਰੀਜਨ ਵਿੱਚ ਤਣਾਅ ਹੋਰ ਵੱਧ ਜਾਵੇਗਾ ਜਿਸ ਉੱਤੇ ਕਾਬੂ ਪਾਉਣਾ ਔਖਾ ਹੋ ਜਾਵੇਗਾ। ਸੱਤ ਅਗਾਂਹਵਧੂ ਜਮਹੂਰੀ ਮੁਲਕਾਂ ਦੇ ਗਰੁੱਪ ਦੇ ਆਗੂਆਂ ਨੇ ਇਰਾਨ ਵੱਲੋਂ ਇਜ਼ਰਾਈਲ ਉੱਤੇ ਕੀਤੇ ਹਮਲੇ ਦੀ ਨਿਖੇਧੀ ਕਰਦਿਆਂ ਆਖਿਆ ਕਿ ਸੈਂਕੜੇ ਡਰੋਨਜ਼ ਤੇ ਮਿਜ਼ਾਈਲਾਂ ਨਾਲ ਕੀਤਾ ਇਹ ਹਮਲਾ ਸਿੱਧਾ ਧਾਵਾ ਬੋਲਣ ਦੇ ਤੁਲ ਹੈ। ਇਨ੍ਹਾਂ ਦੇਸ਼ਾਂ ਦੇ ਆਗੂਆਂ ਨੇ ਆਖਿਆ ਕਿ ਭਾਵੇਂ ਇਜ਼ਰਾਈਲ ਨੇ ਆਪਣੇ ਸਹਿਯੋਗੀ ਮੁਲਕਾਂ ਦੀ ਬਦੌਲਤ ਇਸ ਹਮਲੇ ਦਾ ਟਾਕਰਾ ਕਰ ਲਿਆ ਤੇ ਇਸ ਨਾਲ ਬਹੁਤਾ ਨੁਕਸਾਨ ਵੀ ਨਹੀਂ ਹੋਣ ਦਿੱਤਾ ਪਰ ਫਿਰ ਵੀ ਇਸ ਹਮਲੇ ਨਾਲ ਸਾਰਾ ਗਣਿਤ ਗੜਬੜਾ ਸਕਦਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਅਸੀਂ ਇਜ਼ਰਾਈਲ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ ਤੇ ਇਸ ਦੀ ਸਕਿਊਰਿਟੀ ਲਈ ਆਪਣੀ ਵਚਨਬੱਧਤਾ ਮੁੜ ਦੁਹਰਾਉਂਦੇ ਹਾਂ। ਇਹ ਵੀ ਆਖਿਆ ਗਿਆ ਕਿ ਅਸੀਂ ਹਾਲਾਤ ਨੂੰ ਸਥਿਰ ਕਰਨ ਵੱਲ ਕੰਮ ਕਰਨਾ ਜਾਰੀ ਰੱਖਾਂਗੇ ਤੇ ਇਸ ਇਲਾਕੇ ਵਿੱਚ ਹੋਰ ਗੜਬੜੀ ਨਹੀਂ ਹੋਣ ਦੇਵਾਂਗੇ। ਇਸ ਦਰਮਿਆਨ ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਇਰਾਨ ਤੇ ਉਸ ਦੇ ਸਾਥੀ ਹਮਲੇ ਬੰਦ ਕਰ ਦੇਣ ਨਹੀਂ ਤਾਂ ਮਜਬੂਰਨ ਸਾਨੂੰ ਅਗਲੇ ਕਦਮ ਚੁੱਕਣੇ ਪੈਣਗੇ।

ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਇਸ ਹਮਲੇ ਦੀ ਪ੍ਰਤੀਕਿਰਿਆ ਲਈ ਅਸੀਂ ਸਾਂਝਾ ਡਿਪਲੋਮੈਟਿਕ ਹੱਲ ਕੱਢਣ ਲਈ ਹੋਰਨਾਂ ਮੁਲਕਾਂ ਨਾਲ ਤਾਲਮੇਲ ਕਰ ਰਹੇ ਹਾਂ। ਜ਼ਿਕਰਯੋਗ ਹੈ ਕਿ ਇਰਾਨ ਨੇ ਵੀਕੈਂਡ ਉੱਤੇ 300 ਮਿਜ਼ਾਈਲਾਂ ਤੇ ਡਰੋਨਜ਼ ਨਾਲ ਇਜ਼ਰਾਈਲ ਉੱਤੇ ਹਮਲਾ ਕੀਤਾ ਸੀ ਪਰ ਇਜ਼ਰਾਈਲ ਦਾ ਕਹਿਣਾ ਹੈ ਕਿ ਉਸ ਵੱਲੋਂ ਆਪਣੇ ਸਾਥੀਆਂ ਨਾਲ ਰਲ ਕੇ 99 ਫੀ ਸਦੀ ਹਮਲੇ ਦੀ ਮਾਰ ਨੂੰ ਖ਼ਤਮ ਕਰ ਦਿੱਤਾ ਤੇ ਬਹੁਤਾ ਨੁਕਸਾਨ ਵੀ ਨਹੀਂ ਹੋਣ ਦਿੱਤਾ। ਇਸ ਤੋਂ ਬਾਅਦ ਇਰਾਨ ਨੇ ਇਸ ਕਾਰਵਾਈ ਨੂੰ ਖ਼ਤਮ ਦੱਸਿਆ।

## ਦਿਨ ਦਿਹਾੜੇ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ



ਵੈਸਟਨ, 14 ਅਪਰੈਲ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਵੈਸਟਨ ਵਿੱਚ ਗੋਲੀ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਸੂਟਿੰਗ ਦੀਆਂ ਖਬਰਾਂ ਦੇ ਕੇ ਪੁਲਿਸ ਨੂੰ ਸ਼ਾਮੀਂ 5:00 ਵਜੇ ਤੋਂ ਪਹਿਲਾਂ ਲਾਅਰੈਂਸ ਐਵਨਿਊ ਵੈਸਟ ਤੇ ਰਾਲਫ ਸਟਰੀਟ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।
























## ਅੱਜ ਨਾਮਾ >>

ਛਿੜੀ ਛੇੜ ਇਰਾਨ-ਇਸਰਾਈਲੀਆਂ ਦੀ,
ਫਿਕਰਾਂ ਵਿੱਚ ਪਿਆ ਫੇਰ ਸੰਸਾਰ ਮੀਆਂ।
ਬੈਠਕਾਂ ਲੱਗੀ ਹੈ ਕਰਨ ਫਿਰ ਯੂ ਐੱਨ ਓ,
ਕਰਨੀ ਹਾਲਤ ਦੀ ਕਹਿਣ ਵਿਚਾਰ ਮੀਆਂ।
ਖੜੇ ਏਧਰ ਕੁਝ ਮੁਲਕ, ਕੁਝ ਓਸ ਪਾਸੇ,
ਦਿੱਸਦੇ ਥੋੜ੍ਹੇ ਜਿਹੇ ਖੜੇ ਵਿਚਕਾਰ ਮੀਆਂ।
ਹੁੰਦੀ ਪਈ ਨਵੀਂ ਫਿਰ ਸੁਣੀ ਕਤਾਰਬੰਦੀ,
ਸਕਦੇ ਕੋਈ ਇਹ ਕਹਿਰ ਗੁਜ਼ਾਰ ਮੀਆਂ।
ਕਲਜੋਗਣਾਂ ਭੌਂਦੀਆਂ ਬਹੁਤ ਸੰਸਾਰ ਉੱਪਰ,
ਮਨੁੱਖਤਾ ਉੱਪਰ ਆ ਗੂੰਜਦਾ 'ਕਾਲ ਮੀਆਂ।
ਨਿਤਾਣੇ ਦਿਲਾਂ ਤੋਂ ਨਿਕਲਦੀ ਹੂਕ ਇਹ ਹੀ,
ਟਲਦੀ ਜਿਵੇਂ ਇਹ ਜੰਗ ਦਿਉ ਟਾਲ ਮੀਆਂ।

**ਤੀਸ ਮਾਰ ਖਾਂ**

# ਤੇਜ਼ ਹਵਾਵਾਂ ਕਾਰਨ ਓਨਟਾਰੀਓ ਵਿੱਚ ਸੈਂਕੜੇ ਲੋਕ ਹਾਲੇ ਵੀ ਹਨ੍ਹੇਰੇ ਵਿੱਚ



ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਸ਼ੁੱਕਰਵਾਰ ਤੇ ਸ਼ਨਿੱਚਰਵਾਰ ਨੂੰ ਚੱਲੀਆਂ ਤੇਜ ਹਵਾਵਾਂ ਕਾਰਨ ਓਨਟਾਰੀਓ ਵਿੱਚ ਕਈ ਥਾਂਵਾਂ ਉੱਤੇ ਸੈਂਕੜੇ ਲੋਕਾਂ ਨੂੰ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨਾ ਪੈ ਰਿਹਾ ਹੈ। ਇਹ ਜਾਣਕਾਰੀ ਹਾਈਡਰੋ ਵੰਨ ਨੇ ਦਿੱਤੀ। ਹਾਈਡਰੋ ਵੰਨ ਅਜੇ ਵੀ ਇਨ੍ਹਾਂ ਥਾਂਵਾਂ ਉੱਤੇ ਬਿਜਲੀ ਬਹਾਲ ਕਰਨ ਲਈ ਜੱਦੋ ਜਹਿਦ ਕਰ ਰਹੀ ਹੈ।

ਹਾਈਡਰੋ ਵੰਨ ਨੇ ਦੱਸਿਆ ਕਿ ਐਤਵਾਰ ਸ਼ਾਮ ਤੱਕ ਅਜੇ ਵੀ 500 ਦੇ ਨੇੜੇ ਤੇੜੇ ਕਸਟਮਰਜ਼ ਬਿਜਲੀ ਸਪਲਾਈ ਨਾ ਹੋਣ ਕਾਰਨ ਪਰੇਸ਼ਾਨ ਸਨ।ਹਾਈਡਰੋ ਵੰਨ ਨੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਤੋਂ ਹੀ ਚੱਲ ਰਹੀਆਂ ਤੇਜ਼ ਹਵਾਵਾਂ ਕਾਰਨ ਕਈ ਥਾਂਵਾਂ ਉੱਤੇ ਬਿਜਲੀ ਸਪਲਾਈ ਬੰਦ ਹੋ ਗਈ ਤੇ ਹੁਣ ਤੱਕ ਉਨ੍ਹਾਂ ਵੱਲੋਂ 135,000 ਕਸਟਮਰਜ਼ ਦੀ ਬਿਜਲੀ ਸਪਲਾਈ ਬਹਾਲ ਕੀਤੀ ਜਾ ਚੁੱਕੀ ਹੈ। ਕੰਪਨੀ ਦਾ ਕਹਿਣਾ ਹੈ ਕਿ ਉਸ ਦਾ ਕ੍ਰਿਊ ਦਿਨ ਰਾਤ ਇਸ ਕੰਮ ਲਈ ਲੱਗਿਆ ਹੋਇਆ ਹੈ। ਇੱਥੇ ਹੀ ਬੱਸ ਨਹੀਂ ਜਲਦ ਤੋਂ ਜਲਦ ਬਿਜਲੀ ਸਪਲਾਈ ਚਾਲੂ ਕਰਨ ਲਈ ਪ੍ਰੋਵਿੰਸ ਦੇ ਹੋਰਨਾਂ ਹਿੱਸਿਆਂ ਤੋਂ ਵੀ ਕਾਂਟਰੈਕਟਰਜ਼ ਤੇ ਕ੍ਰਿਊਜ਼ ਦੀ ਮਦਦ ਲਈ ਜਾ ਰਹੀ ਹੈ।

ਲੇਕ ਹੁਰੌਨ ਤੇ ਜਾਰਜੀਅਨ ਬੇਅ ਦੇ ਨੇੜੇ ਰਹਿਣ ਵਾਲੀਆਂ ਕਮਿਊਨਿਟੀਜ਼ ਨੂੰ ਸੱਭ ਤੋਂ ਤੇਜ਼ ਹਵਾਵਾਂ ਦਾ ਸਾਹਮਣਾ ਕਰਨਾ ਪਿਆ। ਹਾਈਡਰੋ ਵੰਨ ਦਾ ਕਹਿਣਾ ਹੈ ਕਿ ਓਨਟਾਰੀਓ ਦੇ ਨੌਰਥਈਸਟ ਦੇ ਕੁੱਝ ਹਿੱਸਿਆਂ ਵਿੱਚ ਭਰ ਰਹੇ ਪਾਣੀ ਉੱਤੇ ਵੀ ਉਨ੍ਹਾਂ ਵੱਲੋਂ ਨਜ਼ਰ ਰੱਖੀ ਜਾ ਰਹੀ ਹੈ ਤੇ ਇਸ ਲਈ ਉਨ੍ਹਾਂ ਨੂੰ ਫੌਰਨ ਮਦਦ ਵੀ ਲੈਣੀ ਪੈ ਸਕਦੀ ਹੈ।

# ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨੂੰ ਮਾਰਗੇਜ ਉਤਾਰਨ ਲਈ ਦਿੱਤਾ ਜਾਵੇਗਾ 30 ਸਾਲ ਦਾ ਸਮਾਂ : ਫਰੀਲੈਂਡ



ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ): ਬੀਤੇ ਦਿਨੀਂ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਐਲਾਨ ਕੀਤਾ ਕਿ ਨਵੇਂ ਬਣੇ ਘਰਾਂ ਨੂੰ ਪਹਿਲੀ ਵਾਰੀ ਖਰੀਦਣ ਵਾਲੇ ਲੋਕਾਂ ਨੂੰ ਮਾਰਗੇਜ ਉੱਤੇ ਕਰਜ਼ਾ ਮੁਕਤੀ ਲਈ 30 ਸਾਲ ਦਾ ਸਮਾਂ ਦਿੱਤਾ ਜਾਵੇਗਾ। ਇਹ ਤਬਦੀਲੀ ਪਹਿਲੀ ਅਗਸਤ ਤੋਂ ਲਾਗੂ ਹੋਵੇਗੀ।

ਮੌਜੂਦਾ ਨਿਯਮਾਂ ਅਨੁਸਾਰ ਜੇ ਡਾਊਨਪੇਮੈਂਟ ਘਰ ਦੀ ਕੁੱਲ ਕੀਮਤ ਦਾ 20 ਫੀ ਸਦੀ ਤੋਂ ਵੀ ਘੱਟ ਕੀਤੀ ਜਾਂਦੀ ਹੈ ਤਾਂ ਘਰ ਦੇ ਮਾਲਕ ਨੂੰ ਮਾਰਗੇਜ ਉਤਾਰਨ ਲਈ 25 ਸਾਲ ਦਾ ਸਮਾਂ ਦਿੱਤਾ ਜਾਂਦਾ ਹੈ। ਨਿਊਜ਼ ਰਲੀਜ਼ ਵਿੱਚ ਫਰੀਲੈਂਡ ਨੇ ਆਖਿਆ ਕਿ ਹਾਊਸਿੰਗ ਦੇ ਬਦਲ ਘੱਟ ਹੋਣ ਤੇ ਤੇਜ਼ੀ ਨਾਲ ਵੱਧ ਰਹੇ ਘਰਾਂ ਦੇ ਕਿਰਾਏ ਤੇ ਘਰਾਂ ਦੀਆਂ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਯੰਗ ਕੈਨੇਡੀਅਨਜ਼ ਦਾ ਆਪਣਾ ਘਰ ਹੋਣ ਦਾ ਸੁਪਨਾ ਸਾਕਾਰ ਕਰਨ ਲਈ ਇਹ ਫੈਸਲਾ ਕੀਤਾ ਗਿਆ ਹੈ। ਇਸ ਨਾਲ ਆਪਣਾ ਘਰ ਖਰੀਦਣ ਦਾ ਸੁਪਨਾ ਵੇਖਣ ਵਾਲੇ ਕੈਨੇਡੀਅਨਜ਼ ਲਈ ਮਾਰਗੇਜ ਦੀ ਮਹੀਨਾਵਾਰੀ ਕਿਸ਼ਤ ਹੋਰ ਸੁਖਾਲੀ ਹੋ ਜਾਵੇਗੀ।

ਇਸ ਉੱਤੇ ਮਾਰਗੇਜ ਪ੍ਰੋਫੈਸ਼ਨਲਜ਼ ਕੈਨੇਡਾ ਦੀ ਸੀਈਓ ਲੌਰੇਨ ਵਾਨ ਡੈਨ ਬਰਗ ਨੇ ਆਖਿਆ ਕਿ ਇਹ ਸਹੀ ਦਿਸ਼ਾ ਵੱਲ ਚੁੱਕਿਆ ਗਿਆ ਕਦਮ ਹੈ ਤੇ ਉਨ੍ਹਾਂ ਆਖਿਆ ਕਿ ਕਰਜ਼ਾ ਮੁਕਤੀ ਦੇ ਅਰਸੇ ਵਿੱਚ ਵਾਧਾ ਕੀਤੇ ਜਾਣ ਨਾਲ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨੂੰ ਹੋਰ ਵੀ ਸੌਖ ਹੋ ਜਾਵੇਗੀ। ਇਸ ਨਾਲ ਜਿੱਥੇ ਘਰ ਖਰੀਦਣ ਦੇ ਚਾਹਵਾਨਾਂ ਨੂੰ ਫਾਇਦਾ ਹੋਵੇਗਾ ਉੱਥੇ ਹੀ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਵਿੱਚ ਵੀ ਮਦਦ ਮਿਲੇਗੀ। ਪਰ ਸਾਰੇ ਕੈਨੇਡੀਅਨਜ਼ ਦਾ ਆਪਣਾ ਘਰ ਹੋਣ ਦਾ ਸੁਪਨਾ ਸਾਕਾਰ ਕਰਨ ਲਈ ਅਜੇ ਇਸ ਪਾਸੇ ਹੋਰ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ।

ਉਨ੍ਹਾਂ ਆਖਿਆ ਕਿ ਸਰਕਾਰ ਨੂੰ ਘਰ ਖਰੀਦਣ ਦੇ ਚਾਹਵਾਨ ਸਾਰੇ ਕੈਨੇਡੀਅਨਜ਼ ਲਈ ਇਹ ਬਦਲ ਖੋਲ੍ਹ ਦਿੱਤਾ ਜਾਣਾ ਚਾਹੀਦਾ ਹੈ ਫਿਰ ਭਾਵੇਂ ਘਰ ਨਵਾਂ ਬਣਿਆ ਹੋਵੇ ਜਾਂ ਪੁਰਾਣਾ ਹੋਵੇ। ਰੇਟਸਡਾਟਕਾ ਮਾਰਗੇਜ ਤੇ ਰੀਅਲ ਅਸਟੇਟ ਸਪੈਸ਼ਲਿਸਟ ਵਿਕਟਰ ਟਰੈਨ ਨੇ ਵੀ ਯੋਗਤਾ ਸਬੰਧੀ ਮਾਪਦੰਡ ਦੀ ਗੱਲ ਕਰਦਿਆਂ ਆਖਿਆ ਕਿ ਇਹ ਤਬਦੀਲੀ ਕਿੰਨੀ ਕੁ ਅਸਰਦਾਰ ਹੋਵੇਗੀ।

ਇਸ ਦੌਰਾਨ ਫਰੀਲੈਂਡ ਨੇ ਆਖਿਆ ਕਿ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਉਨ੍ਹਾਂ ਦੇ ਆਰਆਰਐਸਪੀਜ਼ ਵਿੱਚੋਂ ਕਢਵਾਈ ਜਾਣ ਵਾਲੀ ਰਕਮ ਵੀ 35,000 ਡਾਲਰ ਤੋਂ ਵਧਾ ਕੇ 60,000 ਡਾਲਰ ਕੀਤੀ ਜਾਵੇਗੀ। ਇਹ ਫੈਸਲਾ 16 ਅਪਰੈਲ ਤੋਂ ਲਾਗੂ ਹੋਵੇਗਾ, ਜਿਸ ਦਿਨ ਬਜਟ ਪੇਸ਼ ਕੀਤਾ ਜਾਵੇਗਾ।

# ਓਪੀਐਸ ਸੀਲ-9: ਪੰਜਾਬ ਪੁਲਿਸ ਵੱਲੋਂ ਚੋਣਾਂ ਤੋਂ ਪਹਿਲਾਂ ਨਸ਼ਾ ਅਤੇ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ 10 ਸਰਹੱਦੀ ਜ਼ਿਲ੍ਹਿਆਂ ਦੇ 220 ਐਂਟਰੀ/ਐਗਜ਼ਿਟ ਪੁਆਇੰਟ ਸੀਲ

### ਪੰਜਾਬ ਪੁਲਿਸ ਆਗਾਮੀ ਲੋਕ ਸਭਾ ਚੋਣਾਂ-2024 ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣਾ ਯਕੀਨੀ ਬਣਾਉਣ ਲਈ ਵਚਨਬੱਧ



ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ):ਆਗਾਮੀ ਲੋਕ ਸਭਾ ਚੋਣਾਂ-2024 ਨੂੰ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਕਰਵਾਉਣਾ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਨੇ ਐਤਵਾਰ ਨੂੰ ਸਰਹੱਦੀ ਸੂਬੇ ਪੰਜਾਬ ਵਿੱਚ ਦਾਖਲ ਹੋਣ ਜਾਂ ਬਾਹਰ ਜਾਣ ਵਾਲੇ ਸਾਰੇ ਵਾਹਨਾਂ ਦੀ ਚੈਕਿੰਗ ਕਰਨ ਲਈ ਇੱਕ ਵਿਸ਼ੇਸ਼ ਆਪ੍ਰੇਸ਼ਨ 'ਓਪੀਐਸ ਸੀਲ-9' ਚਲਾਇਆ, ਤਾਂ ਜੋ ਨਸ਼ਾ ਅਤੇ ਗੈਰ-ਕਾਨੂੰਨੀ ਸ਼ਰਾਬ ਤਸਕਰਾਂ ਦੀ ਆਵਾਜਾਈ 'ਤੇ ਨਜ਼ਰ ਰੱਖੀ ਜਾ ਸਕੇ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਇਹ ਆਪ੍ਰੇਸ਼ਨ ਚਲਾਇਆ ਗਿਆ ਤਾਂ ਜੋ ਇੱਕੋ ਸਮੇਂ ਸਾਰੇ ਬਾਰਡਰਾਂ ਤੋਂ ਆਉਣ-ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕਰਨਾ ਯਕੀਨੀ ਬਣਾਇਆ ਜਾ ਸਕੇ।

ਵਿਸ਼ੇਸ਼ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸਾਰੇ 10 ਸਰਹੱਦੀ ਜ਼ਿਲ੍ਹਿਆਂ ਦੇ ਸੀਨੀਅਰ ਪੁਲਿਸ ਕਪਤਾਨਾਂ (ਐਸਐਸਪੀਜ਼) ਨੂੰ ਗਜ਼ਟਿਡ ਅਫ਼ਸਰਾਂ/ਐਸਐਚਓਜ਼ ਦੀ ਨਿਗਰਾਨੀ ਹੇਠ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਮਜ਼ਬੂਤ 'ਨਾਕੇ' ਲਗਾਉਣ ਲਈ ਵੱਧ ਤੋਂ ਵੱਧ ਸਟਾਫ਼ ਤਾਇਨਾਤ ਕਰਨ ਅਤੇ ਸਾਰੇ ਐਂਟਰੀ/ਐਗਜਿਟ ਪੁਆਇੰਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੀਲ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ 'ਓਪੀਐਸ ਸੀਲ-9' ਦੇ ਹਿੱਸੇ ਵਜੋਂ ਐਸਐਸਪੀਜ਼ ਨੂੰ ਸੰਵੇਦਨਸ਼ੀਲ ਥਾਵਾਂ 'ਤੇ ਨਿੱਜੀ ਤੌਰ 'ਤੇ ਕੁਝ ਨਾਕਿਆਂ ਦਾ ਦੌਰਾ ਕਰਨ ਦੇ ਨਾਲ-ਨਾਲ ਪ੍ਰਭਾਵਸ਼ਾਲੀ ਨਾਕਾਬੰਦੀ ਨੂੰ ਯਕੀਨੀ ਬਣਾਉਣ ਲਈ ਗੁਆਂਢੀ ਰਾਜਾਂ ਵਿੱਚ ਆਪਣੇ ਹਮਰੁਤਬਾ ਨਾਲ ਸੰਪਰਕ ਕਰਕੇ ਸਾਂਝੇ ਨਾਕੇ ਲਗਾਉਣ ਲਈ ਵੀ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਚਾਰ ਸਰਹੱਦੀ ਰਾਜਾਂ ਅਤੇ ਯੂਟੀ ਚੰਡੀਗੜ੍ਹ ਨਾਲ ਲੱਗਦੇ 10 ਜ਼ਿਲ੍ਹਿਆਂ ਦੇ ਸਾਰੇ 220 ਐਂਟਰੀ/ਐਗਜ਼ਿਟ ਪੁਆਇੰਟਾਂ 'ਤੇ ਇੰਸਪੈਕਟਰਾਂ/ਡੀ.ਐਸ.ਪੀਜ਼ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੇ ਵਧੀਆ ਤਾਲਮੇਲ ਨਾਲ ਨਾਕੇ ਲਗਾਏ ਗਏ। ਜ਼ਿਕਰਯੋਗ ਹੈ ਕਿ ਇਹਨਾਂ 10 ਅੰਤਰਰਾਜੀ ਸਰਹੱਦੀ ਜ਼ਿਲ੍ਹਿਆਂ ਵਿੱਚ ਪਠਾਨਕੋਟ, ਸ਼੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ, ਐਸਏਐਸ ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇਸ ਅਪ੍ਰੇਸ਼ਨ ਦੌਰਾਨ ਸ਼ੱਕੀ ਵਾਹਨਾਂ/ਵਿਅਕਤੀਆਂ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਅਤੇ ਆਮ ਲੋਕਾਂ ਨੂੰ ਘੱਟ ਤੋਂ ਘੱਟ ਅਸੁਵਿਧਾ ਹੋਣ ਨੂੰ ਯਕੀਨੀ ਬਣਾਇਆ ਗਿਆ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਸੀ ਕਿ ਇਸ ਕਾਰਵਾਈ ਦੌਰਾਨ ਉਨ੍ਹਾਂ ਦੇ ਵਾਹਨਾਂ ਦੀ ਚੈਕਿੰਗ ਦੌਰਾਨ ਹਰ ਵਿਅਕਤੀ ਨਾਲ ਨਿਮਰਤਾ ਅਤੇ ਦੋਸਤਾਨਾ ਢੰਗ ਨਾਲ ਪੇਸ਼ ਆਇਆ ਜਾਵੇ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਇਸ ਅਪ੍ਰੇਸ਼ਨ ਦੌਰਾਨ ਸੂਬੇ ਵਿੱਚ ਆਉਣ-ਜਾਣ ਵਾਲੇ 5137 ਵਾਹਨਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿੱਚੋਂ 200 ਦੇ ਚਲਾਨ ਕੀਤੇ ਗਏ ਅਤੇ 22 ਵਾਹਨਾਂ ਨੂੰ ਜ਼ਬਤ ਕੀਤਾ ਗਿਆ। ਪੁਲਿਸ ਟੀਮਾਂ ਵੱਲੋਂ 'ਵਾਹਨ' ਮੋਬਾਈਲ ਐਪ ਦੀ ਵਰਤੋਂ ਕਰਕੇ ਸਾਰੇ ਵਾਹਨਾਂ ਦੇ ਰਜਿਸਟਰੇਸ਼ਨ ਨੰਬਰਾਂ ਦੀ ਪੁਸ਼ਟੀ ਵੀ ਕੀਤੀ ਗਈ।

ਦੱਸਣਯੋਗ ਹੈ ਕਿ ਪੁਲਿਸ ਨੇ 44 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 42 ਐਫਆਈਆਰਜ਼ ਵੀ ਦਰਜ ਕੀਤੀਆਂ ਹਨ ਅਤੇ ਉਨ੍ਹਾਂ ਕੋਲੋਂ 10 ਲੱਖ ਰੁਪਏ ਨਕਦ, 110 ਕਿਲੋ ਭੁੱਕੀ, 1 ਕਿਲੋ ਅਫੀਮ, 24 ਗ੍ਰਾਮ ਹੈਰੋਇਨ, 228 ਲੀਟਰ ਨਾਜਾਇਜ਼ ਸ਼ਰਾਬ, 175 ਲੀਟਰ ਜਾਇਜ਼ ਸ਼ਰਾਬ ਅਤੇ 100 ਲੀਟਰ ਲਾਹਨ ਬਰਾਮਦ ਕੀਤਾ ਗਿਆ। ਪੁਲਿਸ ਟੀਮਾਂ ਨੇ ਪੁੱਛਗਿੱਛ ਲਈ 222 ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਵੀ ਲਿਆ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਨੇ ਸੂਬੇ ਵਿੱਚ ਅਪਰਾਧੀਆਂ, ਨਸ਼ਾ ਅਤੇ ਗੈਰ-ਕਾਨੂੰਨੀ ਸ਼ਰਾਬ ਤਸਕਰਾਂ ਦੇ ਆਉਣ-ਜਾਣ 'ਤੇ ਰੋਕ ਲਗਾਉਣ ਲਈ ਇੱਕ ਵਿਆਪਕ ਰਣਨੀਤੀ ਤਿਆਰ ਕੀਤੀ ਹੈ। ਸਾਰੇ ਸੀਪੀਜ਼/ਐਸਐਸਪੀਜ਼ ਨੂੰ ਪਹਿਲਾਂ ਹੀ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਸਮਾਜ ਵਿਰੋਧੀ ਅਨਸਰਾਂ ਦੀ ਚੌਕਸੀ ਰੱਖਣ ਲਈ ਸੂਬੇ ਭਰ ਵਿੱਚ ਵਿਸ਼ੇਸ਼ ਨਾਕੇ ਲਗਾਉਣ ਅਤੇ ਗਸ਼ਤ ਕਰਨ ਵਾਲੀਆਂ ਪਾਰਟੀਆਂ ਨੂੰ ਵਧਾਉਣ ਦੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ।

# ਅੰਬੇਡਕਰ ਨਵਯੁਵਕ ਦਲ ਵੱਲੋਂ ਸੰਵਿਧਾਨ ਨਿਰਮਾਤਾ ਡਾ. ਬੀ.ਆਰ ਅੰਬੇਡਕਰ ਦੀ 133ਵੀਂ ਜਯੰਤੀ 'ਤੇ ਵਿਸ਼ਾਲ ਸੋਭਾ ਯਾਤਰਾ ਦਾ ਆਯੋਜਨ



ਲੁਧਿਆਣਾ, 14 ਅਪ੍ਰੈਲ ( ਗਿਆਨ ਸਿੰਘ): ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ 133ਵੇਂ ਜਨਮ ਦਿਨ ਮੌਕੇ ਅੰਬੇਡਕਰ ਨਵਯੁਕਤ ਦਲ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਡਾ: ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਈਸਾ ਨਗਰੀ ਪੁਲੀ ਤੋਂ ਸ਼ੁਰੂ ਹੋ ਕੇ ਚਰਚ ਚੌਂਕ, ਸੀ.ਐਮ.ਸੀ ਹਸਪਤਾਲ ਚੌਂਕ, ਗੁਰਦੁਆਰਾ ਛੇਵੀਂ ਪਾਤਸ਼ਾਹੀ, ਬਾਬਾ ਥਾਨ ਸਿੰਘ ਚੌਂਕ, ਡਵੀਜ਼ਨ ਨੰਬਰ 3, ਅਹਾਤਾ ਸ਼ੇਰ ਜੰਗ, ਖਵਾਜਾ ਚੌਂਕ, ਨਿੰਮ ਵਾਲਾ ਚੌਂਕ, ਸੁਭਾਨੀ ਬਿਲਡਿੰਗ, ਫੀਲਡ ਗੰਜ, ਜਗਰਾਉਂ ਪੁਲ, ਪੁਰਾਣੀ ਜੀ.ਟੀ ਰੋਡ, ਘੰਟਾ ਘਰ ਚੌਂਕ, ਮਾਤਾ ਰਾਣੀ ਚੌਂਕ, ਚਾਂਦ ਸਿਨੇਮਾ, ਸਲੇਮ ਟਾਬਰੀ ਤੋਂ ਹੁੰਦੀ ਹੋਈ ਜਲੰਧਰ ਬਾਈਪਾਸ ਸਥਿਤ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਸਮਾਪਤ ਹੋਈ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
Vehicle Registration (Approved by CA DMV) • Vin Verification
Other Services: Live Scan / Fingerprints, Covered California, Drug Testing, Alcohol Test, Notary Services, International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

TAX & ACCOUNTING
TAX | HST REBATE | ADVISORY | ACCOUNTING | INCORPORATION | BUSINESS LOAN | PERSONAL TAX
Harcharan S. Grover, Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com




# ਦੇਸ਼ ਭਗਤ ਯੂਨੀਵਰਸਿਟੀ ਨੇ ਲੁਧਿਆਣਾ ਦੇ ਪ੍ਰਿੰਸੀਪਲਾਂ ਨੂੰ ਕੀਤਾ ਸਨਮਾਨਿਤ, ਜੀ-20 ਸਕੂਲ ਕਨੈਕਟ ਲੀਡਰਸ਼ਿਪ ਸਮਿਟ ਅਵਾਰਡਸ ਦੀ ਕੀਤੀ ਮੇਜ਼ਬਾਨੀ

ਲੁਧਿਆਣਾ, 5 ਅਪ੍ਰੈਲ(ਗਿਆਨ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਅੱਜ ਲੁਧਿਆਣਾ ਵਿੱਚ ਜੀ-20 ਸਕੂਲ ਕਨੈਕਟ ਲੀਡਰਸ਼ਿਪ ਸਮਿਟ ਐਵਾਰਡ ਕਰਵ-ਾਇਆ ਗਿਆ। ਇਸ ਸਮਾਗਮ ਵਿੱਚ ਡੀ.ਬੀ.ਯੂ ਨੇ ਲੁਧਿਆਣਾ ਦੇ ਪ੍ਰਿੰਸੀਪਲਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।



ਜੀ-20 ਪ੍ਰੋਗਰਾਮ ਦੌਰਾਨ ਸਾਰੇ ਪ੍ਰਿੰਸੀਪਲ ਪੈਨਲ ਚਰਚਾ ਵਿੱਚ ਸ਼ਾਮਲ ਹੋਏ। ਪੈਨਲ ਵਿਚਾਰ-ਵਟਾਂਦਰੇ ਵਿੱਚ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਜਿਵੇਂ ਕਿ ਨਵੀਂ ਸਿੱਖਿਆ ਨੀਤੀ ਨੂੰ ਸਮਝਣਾ, ਸਿੱਖਿਆ ਖੇਤਰ ਵਿੱਚ ਆਉਣ ਵਾਲੇ ਤਕਨੀਕੀ ਰੁਝਾਨਾਂ, ਕਲਾਸਰੂਮਾਂ ਵਿੱਚ ਆਰਟੀਫਿਸ਼ਿਅਲ ਇੰਟੇਲਿਜੈਂਸ (ਏ ਆਈ) (ਨਕਲੀ ਬੁੱਧੀ) ਨੂੰ ਏਕੀਕ੍ਰਿਤ ਕਰਨਾ, ਵਿਦਿਆਰਥੀਆਂ ਦੀ ਖੁਸ਼ੀ ਅਤੇ ਤੰਦਰੁਸਤੀ ਨੂੰ ਤਰਜੀਹ ਦੇਣਾ, ਸਰਗਰਮ ਅਤੇ ਅਨੁਭਵੀ ਸਿੱਖਣ ਵਿਧੀਆਂ ਨੂੰ ਉਤਸ਼ਾਹਿਤ ਕਰਨਾ, ਉੱਦਮਤਾ ਸਿੱਖਿਆ ਨੂੰ ਉਤਸ਼ਾਹਿਤ ਕਰਨਾ, ਗਲੋਬਲ ਨੂੰ ਸੰਬੋਧਨ ਕਰਨਾ ਸ਼ਾਮਲ ਹਨ। ਸਿੱਖਿਆ ਵਿੱਚ ਚੁਣੌਤੀਆਂ, ਰਚਨਾਤਮਕਤਾ ਅਤੇ ਹੁਨਰ ਨੂੰ ਵਧਾਉਣਾ ਅਤੇ ਸਿਹਤ ਅਤੇ ਖੇਡ ਸਿੱਖਿਆ ਨੂੰ ਉਤਸ਼ਾਹਿਤ ਕਰਨਾ।

ਇਸ ਤੋਂ ਪਹਿਲਾਂ ਇੱਥੇ ਇਕ ਪ੍ਰੈਸ ਕਾਨਫਰੰਸ ਵਿੱਚ ਡੀ.ਬੀ.ਯੂ ਦੇ ਵਾਈਸ-ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਅਤੇ ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੇ ਫੈਕਲਟੀ ਦੇ ਡਾਇਰੈਕਟਰ ਡਾ: ਦਵਿੰਦਰ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਡਾ: ਹਰਸ਼ ਸਦਾਵਰਤੀ ਨੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਲਾਗੂ ਕੀਤੀ ਗਈ ਨਵੀਂ ਸਿੱਖਿਆ ਨੀਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ . ਸਕੂਲਾਂ ਵਿੱਚ ਤਕਨਾਲੋਜੀ ਦੀ ਭੂਮਿਕਾ ਮਹੱਤਵਪੂਰਨ ਹੈ। ਵਿਦਿਆਰਥੀ ਹੁਣ ਸਿੱਖਣ ਦੀਆਂ ਨਵੀਆਂ ਧਾਰਨਾਵਾਂ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਡੀਬੀਯੂ ਆਪਣੇ ਵਿਦਿਆਰਥੀਆਂ ਦੀ ਪਲੇਸਮੈਂਟ ਲਈ ਵਚਨਬੱਧ ਹੈ ਅਤੇ ਨੌਕਰੀ ਮੇਲੇ ਲਗਾਏ ਜਾਂਦੇ ਹਨ, ਜਿਸ ਵਿੱਚ ਦੇਸ਼ ਦੇ ਨਾਮੀ ਕੰਪਨੀਆਂ ਹਿੱਸਾ ਲੈਂਦੀਆਂ ਹਨ। ਵਿਦਿਆਰਥੀਆਂ ਦਾ ਪੜ੍ਹਾਈ ਪ੍ਰਤੀ ਉਤਸ਼ਾਹ ਦੇਖ ਕੇ ਮਾਪੇ ਵੀ ਗੰਭੀਰ ਹੋ ਗਏ ਹਨ, ਜਿਸ ਕਾਰਨ ਵਿਦੇਸ਼ ਜਾਣ ਦਾ ਰੁਝਾਨ ਘਟੇਗਾ। ਡੀਬੀਯੂ ਵਿੱਚ ਭਾਰਤ ਭਰ ਵਿੱਚੋਂ ਦਸ ਹਜ਼ਾਰ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਵਿੱਚ 25 ਦੇਸ਼ਾਂ ਦੇ ਕਰੀਬ 700 ਵਿਦਿਆਰਥੀ ਸ਼ਾਮਲ ਹਨ। ਯੂਨੀਵਰਸਿਟੀ ਵੱਖ-ਵੱਖ ਵਜ਼ੀਫ਼ਿਆਂ ਦੀ ਪੇਸ਼ਕਸ਼ ਕਰਦੀ ਹੈ ਜਿਵੇਂ ਕਿ ਸ਼ਕਤੀ ਸਕਾਲਰਸ਼ਿਪ, ਲੋੜਵੰਦ-ਅਧਾਰਿਤ ਵਜ਼ੀਫ਼ੇ, ਇਕੱਲੀਆਂ ਲੜਕੀਆਂ ਲਈ ਵਜ਼ੀਫ਼ਾ, ਹੋਰਾਂ ਦੇ ਨਾਲ, ਅਤੇ 200 ਤੋਂ ਵੱਧ ਕੋਰਸ ਪੇਸ਼ ਕੀਤੇ ਜਾ ਰਹੇ ਹਨ।ਡਾ. ਸਦਾਵਰਤੀ ਨੇ ਅੱਗੇ ਦੱਸਿਆ ਕਿ ਡੀ.ਬੀ.ਯੂ. ਆਪਣੇ ਵਿਦਿਆਰਥੀਆਂ ਨੂੰ ਹੁਨਰਮੰਦ ਕਰ ਰਿਹਾ ਹੈ। ਅਸੀਂ ਅਜਿਹੇ ਵਿਦਿਆਰਥੀ ਨਹੀਂ ਚਾਹੁੰਦੇ ਜੋ ਸਿਰਫ਼ ਨੌਕਰੀਆਂ ਦੀ ਭਾਲ ਕਰਦੇ ਹਨ, ਸਗੋਂ ਉਨ੍ਹਾਂ ਨੂੰ ਨੌਕਰੀ ਪ੍ਰਦਾਨ ਕਰਨ ਵਾਲੇ ਬਣਾਉਣਾ ਚਾਹੁੰਦੇ ਹਨ।

ਜੀ -20 ਸਕੂਲ ਕਨੈਕਟ ਲੀਡਰਸ਼ਿਪ ਸੰਮੇਲਨ ਐਵਾਰਡਾਂ ਨੇ ਲੀਡਰਸ਼ਿਪ, ਸਿੱਖਿਆ ਵਿੱਚ ਨਵੀਨਤਾ ਅਤੇ ਭਾਈਚਾਰਕ ਸ਼ਮੂਲੀਅਤ ਸਮੇਤ ਵੱਖ-ਵੱਖ ਸ਼੍ਰੇਣੀਆਂ ਵਿੱਚ ਉੱਤਮਤਾ ਨੂੰ ਮਾਨਤਾ ਦਿੱਤੀ। ਇਸ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਪ੍ਰਿੰਸੀਪਲ ਡਾ.ਭਾਰਤ ਦੁਆ, ਡਾ.ਵੰਦਨਾ ਸ਼ਾਹੀ, ਠਾਕੁਰ ਆਨੰਦ ਸਿੰਘ, ਰਮੇਸ਼ ਸਿੰਘ, ਅਮਰਜੀਤ ਕੁਮਾਰ, ਕਰੁਣ ਕੁਮਾਰ ਜੈਨ, ਕਿਰਨਜੀਤ ਕੌਰ, ਕਮਲਵੀਰ ਕੌਰ, ਕੀਰਤੀ ਸ਼ਰਮਾ, ਹਰਮੀਤ ਕੌਰ ਵੜੈਚ, ਡਾ. ਮੋਨਿਕਾ ਮਲਹੋਤਰਾ, ਡਾ. ਨੀਤੂ ਸ਼ਰਮਾ, ਪੂਨਮ ਸ਼ਰਮਾ, ਅਰਚਨਾ ਸ਼੍ਰੀਵਾਸਤਵਾ, ਪੂਨਮ ਮਲਹੋਤਰਾ, ਰਮਨ ਓਬਰਾਏ, ਡਾ: ਨਵਨੀਤ ਕੌਰ, ਪੰਕਜ ਕੌਸ਼ਲ, ਡਾ: ਸੰਜੀਵ ਚੰਦੇਲ, ਡਾ: ਮਨੀਸ਼ਾ ਗੰਗਵਾਰ, ਨੀਰੂ ਕੌੜਾ, ਸਿਮਰ ਗਿੱਲ, ਗੁਰਮੰਤ ਕੌਰ ਗਿੱਲ ਅਤੇ ਬੰਦਨਾ ਸੇਠੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**






# ਦੌਲਤਾਂ ਦੇ ਢੇਰ ਪੁਰਾਤਨ ਰਾਜੇ ਵੀ ਲਾਉਂਦੇ ਸਨ, ਲੋਕਤੰਤਰੀ ਰਾਜ ਦੀ ਸਰਪ੍ਰਸਤੀ ਵਾਲੇ ਲੋਕ ਵੀ

ਜਤਿੰਦਰ ਪਨੂੰ ਦੀ ਕਲਮ ਤੋਂ



ਰਾਜ-ਸੱਤਾ ਜਿਸ ਕਿਸੇ ਨੂੰ ਮਿਲ ਜਾਵੇ, ਉਸ ਲਈ ਬਹੁਤ ਚੰਗੀ ਹੁੰਦੀ ਹੈ, ਪਰ ਇਹ ਜ਼ਰੂਰੀ ਨਹੀਂ ਕਿ ਉਸ ਰਾਜ ਵਿੱਚ ਲੋਕਾਂ ਲਈ ਵੀ ਓਨੀ ਚੰਗੀ ਨਿਕਲੇ। ਸਦੀਆਂ ਅਤੇ ਸ਼ਾਇਦ ਯੁੱਗਾਂ ਦਾ ਇਤਿਹਾਸ ਦੱਸਦਾ ਹੈ ਕਿ ਜਿਹੜਾ ਕੋਈ ਰਾਜਾ ਬਣ ਜਾਂਦਾ ਸੀ, ਉਹ ਕਿੰਨਾ ਵੀ ਧਰਮਾਤਮਾ ਕਿਉਂ ਨਾ ਬਣਿਆ ਰਿਹਾਹੋਵੇ, ਆਪਣੇ ਮਹਿਲ ਵਿੱਚ ਦੌਲਤ ਦੇ ਢੇਰ ਲਾਉਣ ਤੋਂ ਕਸਰ ਕਦੇ ਕਿਸੇ ਨਹੀਂ ਛੱਡੀ। ਜਿਹੜੇ ਇਲਾਕਿਆਂ ਵਿੱਚ ਆਮ ਲੋਕਾਂ ਲਈ ਦੋ ਡੰਗ ਰੋਟੀ ਦਾ ਜੁਗਾੜ ਕਰਨਾ ਔਖਾ ਹੁੰਦਾ ਸੀ, ਨਿਕੰਮੀ ਜ਼ਮੀਨ ਦਾਉਹ ਇਲਾਕਾ ਬੰਜਰ ਵੀ ਹੋ ਸਕਦਾ ਸੀ, ਹੜ੍ਹਾਂ ਦੀ ਮਾਰ ਹੇਠ ਰਹਿਣ ਵਾਲਾ ਜਾਂ ਰੇਤ ਵਾਲੇ ਮੀਲਾਂ-ਬੱਧੀ ਚੱਲਦੇ ਟਿੱਬਿਆਂ ਦਾ ਮਾਰੂਥਲ ਵੀ, ਓਥੇ ਵੀ ਪੁਰਾਣੇ ਰਾਜਿਆਂ ਦੇ ਮਹਿਲ ਅਜੋਕੇ ਰਾਸ਼ਟਰਪਤੀ ਭਵਨ ਨਾਲੋਂ ਵੱਧ ਆਲੀਸ਼ਾਨ ਬਣਾਏ ਅੱਜ ਤੱਕ ਮੌਜੂਦ ਹਨ। ਉਨ੍ਹਾਂ ਇਲਾਕਿਆਂ ਦੇ ਸਾਧਾਰਨ ਲੋਕਾਂ ਦੇ ਘਰ ਤਾਂ ਅੱਜ ਵੀ ਕੱਚੇ ਹਨ ਤੇ ਕਾਨਿਆਂ ਦੀ ਛੱਤਾਂ ਵਾਲੇ ਖੜੋਤੇ ਹਨ, ਪੀਣ ਵਾਲਾ ਪਾਣੀ ਲੈਣ ਘੜੇ ਚੁੱਕ ਕੇ ਘੰਟਿਆਂ ਦਾ ਸਮਾਂ ਲਾਉਣ ਜਿੰਨੀ ਦੂਰ ਜਾਣਾ ਪੈਂਦਾ ਹੈ, ਪਰ ਰਾਜਿਆਂ ਦੇ ਕਹਾਣੀਆਂ-ਕਿੱਸੇ ਦੱਸਦੇ ਹਨ ਕਿ ਉਨ੍ਹਾਂ ਕੋਲ ਆਪਣੇ ਲੋੜ ਵਾਲੀ ਕਿਸੇ ਚੀਜ਼ ਦੀ ਘਾਟ ਓਦੋਂ ਵੀ ਨਹੀਂ ਸੀ ਹੁੰਦੀ। ਉਨ੍ਹਾਂ ਹਾਲਾਤ ਵਿੱਚ ਵੀ ਜੇ ਉਨ੍ਹਾਂ ਦੇ ਖਜ਼ਾਨਿਆਂ ਵਿੱਚ ਦੌਲਤਾਂ ਦੇ ਢੇਰ ਲੱਗਦੇ ਜਾਂਦੇ ਸਨ ਤਾਂ ਸਿਰਫ ਰਾਜ-ਪ੍ਰਬੰਧਕੀ ਨਿਯਮਾਂ ਨਾਲ ਲੋਕਾਂ ਦੀਆਂ ਜੇਬਾਂ ਕੱਟਣ ਜਾਂ ਫਿਰ ਸਿੱਧਾ ਕਿਹਾ ਜਾਵੇ ਤਾਂ ਆਮ ਲੋਕਾਂ ਨੂੰ ਕੁੱਟ ਕੇ ਉਨ੍ਹਾਂ ਦੇ ਮੂੰਹੋਂ ਬੁਰਕੀ ਖੋਹਣ ਦੀਆਂ ਨੀਤੀਆਂ ਕਾਰਨ ਖਜ਼ਾਨੇ ਭਰਦੇ ਸਨ। ਅਸੀਂ ਇਤਿਹਾਸ ਦੇ ਉਨ੍ਹਾਂ ਰਾਜਿਆਂ ਦੇ ਬਿਰਤਾਂਤ ਵੀ ਕਈ ਵਾਰ ਪੜ੍ਹਦੇ ਰਹਿੰਦੇ ਹਾਂ, ਜਿਹੜੇ ਬਹੁਤ ਦਾਨੀ ਕਹਾਉਂਦੇ ਸਨ ਤੇ ਕਿਸੇ ਉੱਤੇ ਬਾਹਲੇ ਖੁਸ਼ ਹੋ ਜਾਂਦੇ ਸਨ ਤਾਂ ਉਸ ਨੂੰ 'ਐਨੇ ਪਿੰਡਾਂ ਦੀ ਜਗੀਰ'ਅਲਾਟ ਕਰ ਦਿੱਤਾ ਕਰਦੇ ਸਨ। ਏਦਾਂ ਜਗੀਰਾਂ ਅਲਾਟ ਕਰਦੇ ਸਮੇਂਉਹ ਰਾਜੇ ਉਨ੍ਹਾਂ ਪਿੰਡਾਂ ਵਿੱਚ ਰਹਿੰਦੇ ਆਮ ਲੋਕਾਂ ਨੂੰ ਵੀ ਉਸ ਵਿਅਕਤੀ ਦੇ ਕਾਰਿੰਦੇ ਬਣਾ ਦਿੱਤਾ ਕਰਦੇ ਸਨ ਤੇ ਏਦਾਂ ਪਿੰਡ ਨਾਲ ਪਿੰਡ ਦੇਲੋਕ ਵੀ ਗੁਲਾਮ ਬਣਾ ਦੇਣ ਵਾਲਾ ਰਾਜਾ ਆਮ ਬੋਲੀ ਅਤੇ ਇਤਿਹਾਸ ਵਿੱਚ ਬਹੁਤ ਚੰਗਾ ਆਖਿਆ ਜਾਂਦਾ ਸੀ।

ਸਾਡੇ ਸਮਿਆਂ ਵਿੱਚ ਬਹੁਤ ਥੋੜ੍ਹੇ ਦੇਸ਼ਾਂ ਨੂੰ ਛੱਡ ਕੇ ਸੰਸਾਰ ਭਰ ਵਿੱਚ ਲੋਕ-ਰਾਜੀ ਸਰਕਾਰਾਂ ਚੱਲਦੀਆਂ ਹਨ ਅਤੇ ਆਮ ਰਾਏ ਇਹੋ ਹੈ ਕਿ ਰਾਜ ਕਰਨ ਦੇ ਬਾਕੀ ਪ੍ਰਬੰਧਾਂ ਨਾਲੋਂ ਇਹ ਪ੍ਰਬੰਧ ਮੁਕਾਲਤਨ ਵਧੀਆ ਹੈ। ਇਹੋ ਜਿਹੇ ਪ੍ਰਬੰਧ ਦਾ ਬਾਕੀ ਪ੍ਰਬੰਧਾਂ ਨਾਲੋਂ ਵਧੀਆ ਹੋਣਾ ਇੱਕ ਧਾਰਨਾ ਹੋ ਸਕਦੀ ਹੈ, ਪਰ ਸਭ ਤੋਂ ਵਧੀਆ ਤੇ ਪਾਪਾਂ ਤੋਂ ਮੁਕਤ ਪ੍ਰਬੰਧ ਹੋਣਾ ਯਕੀਨੀ ਨਹੀਂ। ਜਿਸ ਕਿਸੇ ਨੂੰ ਕਿਸੇ ਦੇਸ਼ ਵਿੱਚਕਦੇ ਹਕੂਮਤ ਕਰਨ ਦਾ ਮੌਕਾ ਮਿਲਿਆ, ਬਹੁਤੇ ਦੇਸ਼ਾਂ ਵਿੱਚ ਇਤਿਹਾਸ ਦੇ ਪਿਛਲੇ ਰਾਜ-ਪ੍ਰਬੰਧਾਂ ਦਾ ਕੋਝਾਪਣ ਇੱਕ ਜਾਂ ਦੂਸਰੀ ਤਰ੍ਹਾਂ ਦੁਹਰਾਉਂਦੇ ਅਤੇ ਆਪਣੇ ਨੇੜ ਵਾਲਿਆਂ ਦੀਆਂ ਲਹਿਰਾਂ-ਬਹਿਰਾਂ ਦਾ ਜੁਗਾੜ ਕਰਨ ਵਾਲੇ ਸਾਬਤ ਹੋਣ ਲੱਗ ਜਾਂਦੇ ਰਹੇ ਹਨ। ਦੁਨੀਆ ਦੇ ਯੂਰਪੀ, ਪੱਛਮੀ ਤੇ ਪੂਰਬੀ ਪਾਸੇ ਚੜ੍ਹਦੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਮਾਣਨ ਵਾਲੇ ਜਾਪਾਨ ਤੇ ਦੱਖਣੀ ਕੋਰੀਆ ਵਰਗੇ ਮੁਲਕਾਂ ਦੇ ਹਾਕਮਾਂ ਨੇ ਵੀ ਇਹੋ ਕੁਝ ਕੀਤਾ ਅਤੇ ਫਿਰ ਇਸ ਕੀਤੇ ਦੇ ਸਿੱਟੇ ਭੁਗਤਣ ਨਾਲ ਖਬਰਾਂ ਬਣਾਈਆਂ ਹੋਈਆਂ ਹਨ। ਭਾਰਤ ਵਿੱਚ ਵੀ ਲੋਕਤੰਤਰ ਹੈ, ਲੋਕ-ਰਾਜੀ ਪ੍ਰਬੰਧ ਹੈ, ਪਰ ਜੇ ਲੋਕ-ਰਾਜੀ ਪ੍ਰਬੰਧਾਂ ਦੀ ਚੰਗੀ ਵੰਨਗੀ ਮੰਨੇ ਜਾਂਦੇ ਦੇਸ਼ਾਂ ਵਿੱਚ ਲੀਡਰ ਸ਼ਰਮ ਨਹੀਂ ਕਰਦੇਅਤੇ ਸਿਖਰਾਂ ਦੀ ਬੇਸ਼ਰਮੀ ਕਰਨ ਤੋਂ ਨਹੀਂ ਝਿਜਕਦੇ ਤਾਂ ਭਾਰਤ ਦੇ ਲੀਡਰ ਉਨ੍ਹਾਂ ਤੋਂ ਵੀ ਅੱਗੇ ਨਿਕਲੇ ਪਏ ਹਨ।

ਸਿਰਫ ਅੱਗੇ ਨਹੀਂ ਨਿਕਲ ਗਏ, ਇਹ ਸੰਸਾਰ ਦੇ ਹੋਰ ਦੇਸ਼ਾਂ ਦੇ ਰਾਜ-ਕਰਤਿਆਂ ਨੂੰ ਆਪਣੇ ਦੇਸ਼ ਵਿਚਲੇ ਨੇਮ-ਕਾਨੂੰਨ ਅਤੇ ਸਾਰੀ ਲੋਕ-ਲਾਜ ਭੁਲਾ ਕੇ ਆਪਣੇ ਢੰਗ ਨਾਲ ਚੱਲਣ ਲਈ ਨਵੀਂ ਸੇਧ ਦੇਣ ਵਾਲੇ ਬਣੀ ਜਾਂਦੇ ਹਨ ਤੇ ਇਸ ਦਾ ਸਿੱਟਾ ਇਹ ਹੈ ਕਿ ਉਨ੍ਹਾਂ ਦੇਸ਼ਾਂ ਦੇ ਪ੍ਰਮੁੱਖ ਵਿਅਕਤੀ ਭਾਰਤ ਆਣ ਕੇ ਇਸ ਦੇ ਸੋਹਲੇ ਗਾਉਂਦੇ ਹਨ। ਉਹ ਭਾਰਤ ਦੇ ਲੋਕਤੰਤਰ ਦੀਆਂ ਰਿਵਾਇਤਾਂ ਦੇ ਦੀਵਾਨੇ ਨਹੀਂ ਹੁੰਦੇ, ਅਸਲ ਵਿੱਚ ਉਹ ਲੀਡਰ, ਵਿਦਵਾਨ, ਰਾਜਦੂਤ ਜਾਂ ਆਪਣੇ ਦੇਸ਼ ਦੇ ਲੋਕਾਂ ਸੱਭਿਆਚਾਰਕ ਦੂਤ ਬਣਨ ਦੀ ਥਾਂ ਆਪੋ-ਆਪਣੇ ਦੇਸ਼ ਦੇ ਕਾਰੋਬਾਰੀਆਂ ਦਾ ਮਾਲ ਵੇਚਣ ਦੀ ਮੰਡੀ ਦੇ ਵਿਕਾਸ ਅਧਿਕਾਰੀ ਦੀ ਭੂਮਿਕਾ ਨਿਭਾਉਂਦੇ ਹਨ। ਅੱਜ ਕਿਸੇ ਦੇਸ਼ ਵਿੱਚ ਕਿਸੇ ਨਵੀਂ ਚੀਜ਼ ਦੀ ਕਾਢ ਹੁੰਦੀ ਹੈ, ਜਿਹੜੀ ਸੰਸਾਰ ਦੇ ਹਰ ਕੋਨੇ ਵਿੱਚ ਵੇਚੀ ਜਾਣੀ ਹੈ ਤਾਂ ਉਹ ਇੱਕ ਸੌ ਚਾਲੀ ਕਰੋੜ ਲੋਕਾਂ ਜਾਂ ਅਸਲ ਵਿੱਚ ਇੱਕ ਸੌ ਚਾਲੀ ਕਰੋੜ ਗ੍ਰਾਹਕਾਂ ਦੇ ਬਾਜ਼ਾਰ ਵਾਲੇ ਭਾਰਤ ਨੂੰ ਸਿਧਾਂਤਾਂ ਦੀ ਬਲੀ ਕਦੀ ਨਹੀਂ ਚਾੜ੍ਹ ਸਕਦੇ। ਉਸ ਦੇਸ਼ ਵਿੱਚ ਕੌਣ ਕਿਸੇ ਨੂੰ ਕੁੱਟਦਾ ਤੇ ਕਿਹੜਾ ਸੱਤਾ ਦੀ ਕਿੰਨੀ ਦੁਰਵਰਤੋਂ ਕਰ ਕੇ ਆਪਣੇ ਲੋਕਾਂ ਦਾ ਕਿੰਨਾ ਨੁਕਸਾਨ ਕਰਦਾ ਅਤੇ ਕਿਹੜੇ ਚਹੇਤੇ ਨੂੰ ਕਮਾਈਆਂ ਕਰਨ ਦੇ ਸਾਰੇ ਕਾਨੂੰਨੀ ਜਾਂ ਗੈਰ-ਕਾਨੂੰਨੀ ਰਾਹ ਵਰਤਣ ਵਾਸਤੇ ਮੌਕਾ ਦੇਂਦਾ ਹੈ, ਇਸ ਸਭ ਕੁਝ ਨਾਲ ਉਨ੍ਹਾਂ ਦਾ ਵਾਸਤਾ ਨਹੀਂ ਹੋ ਸਕਦਾ। ਜਿਸ ਘਰ ਵਿੱਚ ਉਨ੍ਹਾਂ ਮਾਲ ਵੇਚਣਾ ਹੈ, ਉਸ ਘਰ ਵਿਚਲੇ ਗੰਦ ਵੱਲ ਇਸ਼ਾਰਾ ਕਰਨ ਤਾਂ ਅਗਲੇ ਦਿਨ ਉਨ੍ਹਾਂ ਨੂੰ ਆਪਣੀ ਦੁਕਾਨਦਾਰੀ ਸਮੇਟ ਕੇ ਵਾਪਸ ਜਾਣਾ ਪੈ ਸਕਦਾ ਹੈ ਅਤੇ ਬੀਤੇ ਸਾਲਾਂ ਵਿੱਚ ਇਹ ਹੁੰਦਾ ਵੀ ਰਿਹਾ ਹੈ।

ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਭਾਰਤ ਵਿੱਚ ਅਮਰੀਕਾ ਦੇ ਇੱਕ ਰਾਜਦੂਤ ਦੀਆਂ ਏਨੀਆਂ ਸਿਫਤਾਂ ਉਸ ਦੇਸ਼ ਦੇ ਮੀਡੀਏ ਵਿੱਚ ਹੁੰਦੀਆਂ ਸਨ ਕਿ ਹਰ ਕੋਈ ਹੈਰਾਨ ਸੀ। ਸਿਰਫ ਇੱਕ ਮਹੀਨੇ ਬਾਅਦ ਅਚਾਨਕ ਮੀਡੀਏ ਨੇ ਗੇਅਰ ਬਦਲਿਆ ਅਤੇ ਰਾਤੋ-ਰਾਤ ਉਸ ਰਾਜਦੂਤ ਦੇ ਖਿਲਾਫ ਨਿਕੰਮੇਪਣ ਦੇ ਦੋਸ਼ ਲਾਏ ਜਾਣ ਲੱਗ ਪਏ ਤੇ ਕੁਝ ਦਿਨਾਂ ਅੰਦਰ ਉਸ ਨੂੰ ਅਹੁਦਾ ਛੱਡ ਕੇ ਵਾਪਸ ਅਮਰੀਕਾ ਜਾਣਾ ਪੈ ਗਿਆ ਸੀ। ਕਾਰਨ ਇਹ ਸੀ ਕਿ ਉਸ ਵੇਲੇ ਭਾਰਤ ਸਰਕਾਰ ਹਵਾਈ ਜਹਾਜ਼ਾਂ ਦੀ ਵੱਡੀ ਖੇਪਖਰੀਦਣ ਦੇ ਲਈ ਸਿਧਾਂਤਕ ਫੈਸਲਾ ਲੈ ਚੁੱਕੀ ਸੀ ਅਤੇ ਉਹ ਸੌਦਾ ਉਸ ਵਕਤ ਦੋ ਦੇਸ਼ਾਂ, ਅਮਰੀਕਾ ਜਾਂ ਫਰਾਂਸ ਵਿੱਚੋਂ ਇੱਕ ਦੀ ਸਰਕਾਰ ਤੇ ਓਥੋਂ ਦੀਆਂ ਕੰਪਨੀਆਂ ਨਾਲ ਹੋਣਾ ਸੀ, ਜਿਸ ਦੇ ਲਈ ਉਹ ਰਾਜਦੂਤ ਰਾਤ-ਦਿਨ ਲੱਗਾ ਪਿਆ ਸੀ ਤੇ ਲੱਗਦਾ ਸੀ ਕਿ ਉਸ ਦੀ ਖੇਚਲ ਸਿੱਟੇ ਕੱਢੇਗੀ। ਫਿਰ ਕਿਸੇ ਕਾਰਨ ਉਹ ਸੌਦਾ ਭਾਰਤ ਨੇ ਫਰਾਂਸ ਨਾਲ ਕਰ ਲਿਆ ਅਤੇ ਅਮਰੀਕਾ ਦੇ ਕਾਰਪੋਰੇਟ ਘਰਾਣਿਆਂ ਦੇ ਘੁੰਘਰੂ ਉੱਤੇ ਨੱਚਣ ਵਾਲਾਅਮਰੀਕੀ ਮੀਡੀਆ ਉਸ ਰਾਜਦੂਤ ਦੇ ਏਨਾ ਬੁਰੀ ਤਰ੍ਹਾਂ ਪਿੱਛੇ ਪਿਆ ਕਿ ਉਸ ਨੂੰ ਭਾਰਤ ਤੋਂ ਆਪਣੀ ਰੋਂਦਿਆਂ ਵਰਗੀ ਸ਼ਕਲ ਲੁਕਾ ਕੇ ਅਤੇ ਬਹੁਤ ਬੇਆਬਰੂ ਹੋ ਕੇ ਭੱਜਣਾ ਪੈ ਗਿਆ ਸੀ। ਲੋਕਤੰਤਰ ਦਾ ਢੰਡੋਰਾ ਪਿੱਟਦੇ ਜਿਹੜੇ ਦੇਸ਼ਾਂ ਦੇ ਹਾਕਮਾਂ ਨੂੰ ਪਾਕਿਸਤਾਨ ਵਿੱਚ ਮੁੜ-ਮੁੜ ਹੁੰਦੇ ਫੌਜੀ ਰਾਜ-ਪਲਟੇ ਵੀ ਜੱਗ-ਵਿਖਾਵੇ ਦੀ ਬਿਆਨਬਾਜ਼ੀ ਕਰਨ ਤੋਂ ਵੱਧ ਵਿਰੋਧ ਕਰਨ ਯੋਗ ਕਦੇ ਨਹੀਂ ਸਨ ਲੱਗੇ, ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੋ ਸਕਦਾ ਕਿ ਭਾਰਤ ਵਿੱਚ ਲੋਕਤੰਤਰ ਦੇ ਨਾਂਅ ਉੱਤੇ ਕੀ ਕੁਝ ਹੁੰਦਾ ਫਿਰਦਾ ਹੈ ਅਤੇ ਏਥੋਂ ਦੇ ਲੋਕਾਂ ਨੂੰ ਕੀ ਕੁਝ ਭੁਗਤਣਾ ਪੈਂਦਾ ਹੈ!ਉਹ ਆਪਣਾ ਮਾਲ ਵੇਚਣ ਦੇ ਲਈ ਜਿਸ ਵੀ ਵਿਹੜੇ ਜਾਂ ਜਿਸ ਵੀ ਦੇਸ਼ ਵਿੱਚ ਉਹ ਚਲੇ ਜਾਣ, ਉਸ ਦੀਆਂ ਸਿਫਤਾਂ ਕਰਿਆ ਕਰਨਗੇ। ਜਾਰਜ ਬੁੱਸ਼ ਹੋਵੇ ਜਾਂ ਬਿੱਲ ਕਲਿੰਟਨ, ਬਰਾਕ ਓਬਾਮਾ ਹੋਵੇ ਜਾਂ ਡੋਨਾਲਡ ਟਰੰਪ ਜਾਂ ਫਿਰ ਜੋਅ ਬਾਇਡਨ, ਭਾਰਤ ਵਿੱਚ ਜਿਹੜੇ ਵੀ ਲੀਡਰ ਦਾ ਰਾਜ ਆਇਆ, ਉਹ ਮਨਮੋਹਨ ਸਿੰਘ ਹੋਵੇ ਜਾਂ ਨਰਿੰਦਰ ਮੋਦੀ, ਕਿਸੇ ਝਿਜਕ ਤੋਂ ਬਿਨਾਂ ਉਸੇਨੂੰ ਗਲੇ ਮਿਲਣ ਲਈ ਤਿਆਰ ਹੋ ਜਾਇਆ ਕਰਦੇ ਹਨ, ਕਿਉਂਕਿ ਜਿੱਥੇ ਮਾਲ ਵੇਚਣਾ ਹੈ, ਓਥੋਂ ਦੇ ਨੁਕਸ ਨਹੀਂ ਗਿਣੀਂਦੇ। ਨੁਕਸਾਂ ਨਾਲ ਕੋਈ ਅਸਰ ਪੈਂਦਾ ਹੈ ਤਾਂ ਭਾਰਤ ਦੇ ਆਮ ਲੋਕਾਂ ਨੂੰ ਪੈਂਦਾ ਹੋਊਗਾ, ਜਿਹੜੇ ਇੱਕ ਵਾਰ ਫੇਰ ਵੋਟਾਂ ਪਾਉਣ ਲਈ ਕਾਹਲੇ ਹਨ।

ਹਾਂ, ਇਹ ਸੱਚ ਹੈ ਕਿ ਭਾਰਤ ਦੇ ਲੋਕ ਇੱਕ ਵਾਰ ਫਿਰ ਵੋਟਾਂ ਪਾਉਣ ਵਾਲੇ ਤੇ ਇੱਕ ਹੋਰ ਸਰਕਾਰ ਚੁਣਨ ਵਾਲੇ ਹਨ, ਜਿਹੜੀ ਅਗਲੇ ਪੰਜ ਸਾਲ ਇਹ ਦੇਸ਼ ਮਰਜ਼ੀ ਮੁਤਾਬਕ ਚਲਾਵੇਗੀ, ਪਰ ਆਮ ਲੋਕ ਵੋਟਾਂ ਪਾਉਣ ਦੀ ਸਿਰਫ ਰਸਮ ਨਿਭਾਉਂਦੇ ਹਨ, ਦੇਸ਼ ਦੀ ਕਿਸਮਤ ਦਾ ਅਸਲ ਫੈਸਲਾ ਉਨ੍ਹਾਂ ਨੇ ਨਹੀਂ ਕਰਨਾ। ਭਾਰਤ ਅਤੇ ਇਸ ਦੇ ਲੋਕਾਂ ਦੀ ਕਿਸਮਤ ਦਾ ਫੈਸਲਾ ਉਹ ਗਿਣਵੇਂ-ਚੁਣਵੇਂ ਕਾਰਪੋਰੇਟ ਘਰਾਣਿਆਂ ਦੇ ਮੁਹਰੈਲ ਕਰਿਆ ਕਰਦੇ ਹਨ, ਜਿਨ੍ਹਾਂ ਦਾ ਇਹ ਫੈਸਲਾ ਹੋਣ ਵੇਲੇ ਸਿੱਕਾ ਚੱਲ ਰਿਹਾ ਹੁੰਦਾ ਹੈ। ਅਸੀਂ ਮੁੱਛ ਫੁੱਟਦੀ ਦੇ ਦਿਨਾਂ ਵਿੱਚ ਭਾਰਤ ਵਿੱਚ ਸਿਰਫ ਤਿੰਨ-ਚਾਰ ਪੂੰਜੀਪਤੀਆਂ ਦੇ ਨਾਂਅ ਸੁਣਦੇ ਹੁੰਦੇ ਸਾਂ, ਉਨ੍ਹਾਂ ਵਿੱਚ ਬਿਰਲਾ, ਟਾਟਾ, ਡਾਲਮੀਆ ਤੇ ਸਿੰਘਾਨੀਆ ਦੇ ਬਾਅਦ ਇੱਕ-ਅੱਧ ਨਾਂਅ ਕੋਈ ਹੋਰ ਹੁੰਦਾ ਸੀ। ਇੱਕ ਚੋਣ ਹਾਰ ਜਾਣ ਪਿੱਛੋਂ ਇੰਦਰਾ ਗਾਂਧੀ ਜਦੋਂ ਦੋਬਾਰਾ ਸੱਤਾ ਦੇ ਤਖਤ ਤੱਕ ਪੁੱਜੀ ਤਾਂ ਅਚਾਨਕ ਰਿਲਾਇੰਸ ਘਰਾਣੇ ਦਾ ਨਾਂਅ ਗੂੰਜਣ ਲੱਗ ਪਿਆ ਅਤੇ ਫਿਰ ਅਗਲੇ ਪੈਂਤੀ ਸਾਲ ਇਹੋ ਨਾਂਅ ਭਾਰਤ ਦੇ ਸਾਰੇ ਪੂੰਜੀ ਬਾਜ਼ਾਰ ਵਿੱਚ ਤੇ ਹਕੂਮਤੀ ਗਲਿਆਰਿਆਂ ਵਿੱਚ ਸਿਆਸੀ ਨਾਢੂ-ਖਾਨਾਂ ਦੇ ਸਭ ਤੋਂ ਵੱਡੇ ਪ੍ਰਿਤਪਾਲਕ ਵਜੋਂ ਗੂੰਜਦਾ ਸੁਣਦਾ ਸੀ। ਮਨਮੋਹਨ ਸਿੰਘ ਦੀ ਸਰਕਾਰ ਤੁਰ ਜਾਣਮਗਰੋਂ ਕਾਂਗਰਸੀ ਸੱਤਾ ਦਾ ਸੂਰਜ ਡੁੱਬਿਆ ਤਾਂ ਨਾਲ ਹੀ ਪੈਂਤੀ ਸਾਲਾਂ ਤੋਂ ਸਿਖਰਲੀ ਚੜ੍ਹਤ ਵਾਲਾ ਰਿਲਾਇੰਸ ਘਰਾਣਾ ਵੀ ਪਛੜਨਾ ਤੇ ਉਸ ਦੀ ਥਾਂ ਅਡਾਨੀ ਘਰਾਣਾ ਉੱਭਰਨ ਲੱਗ ਪਿਆ ਅਤੇ ਅੱਧਾ ਦਰਜਨ ਸਾਲਾਂ ਵਿੱਚ ਸੰਸਾਰ ਦੇ ਸਿਖਰਲੇ ਤਿੰਨ ਕਾਰਪੋਰੇਟ ਘਰਾਣਿਆਂ ਵਿੱਚ ਉਸ ਦਾ ਨਾਂਅ ਗਿਣਿਆ ਜਾਣ ਲੱਗ ਪਿਆ ਸੀ। ਸਰਕਾਰੀ ਸਰਪ੍ਰਸਤੀ ਹੋਵੇ ਤਾਂ ਡੁਬਈ ਵਿੱਚ ਮਜ਼ਦੂਰੀ ਕਰਦਾ ਭਾਰਤੀ ਮੂਲ ਦਾ ਕੋਈ ਕਾਰਿੰਦਾ ਵਾਪਸ ਆਣ ਕੇ ਦੋ-ਦੋ ਸਦੀਆਂ ਤੋਂ ਹਰ ਰਾਜ ਦੇ ਪੂੰਜੀ ਬਾਜ਼ਾਰ ਦੇ ਸਿਖਰ ਦੀ ਚਮਕ ਸਮਝੇ ਜਾਂਦੇ ਟਾਟੇ-ਬਿਰਲੇ ਵਰਗਿਆਂ ਨੂੰ ਪਿਛਾਂਹ ਧੱਕ ਕੇ ਮੋਹਰੀ ਬਣ ਗਿਆ ਸੀ ਤਾਂ ਏਸੇ ਸੱਤਾ ਦੀ ਸਰਪ੍ਰਸਤੀ ਅਗਲੀ ਵਾਰੀ ਜਿਸ ਦੀ ਪਿੱਠ ਉੱਤੇ ਆ ਗਈ, ਉਹ ਵੀ ਭਾਰਤੀ ਆਰਥਿਕਤਾ ਦਾ ਝੰਡਾ ਬਰਦਾਰ ਬਣ ਗਿਆ। ਸੰਸਾਰ ਭਰ ਦੇ ਪੂੰਜੀ ਬਾਜ਼ਾਰ ਵਿੱਚ ਹੁੰਦੀਆਂ ਹੇਰਾਫੇਰੀਆਂ ਦਾ ਪਰਦਾ ਚਾਕ ਕਰਨ ਵਾਲੀ ਹਿੰਡਨਬਰਗ ਰਿਪੋਰਟ ਵੀ ਉਸ ਅਜੋਕੇ ਵੱਡੇ ਘਰਾਣੇ ਦਾ ਕੁਝ ਨਹੀਂ ਸੀ ਵਿਗਾੜ ਸਕੀ, ਕਿਉਂਕਿ ਉਸ ਦੇ ਪਿੱਛੇ ਇੱਕ ਸੌ ਚਾਲੀ ਕਰੋੜ ਲੋਕਾਂ, ਅਸਲ ਵਿੱਚ ਇੱਕ ਸੌ ਚਾਲੀ ਕਰੋੜ ਗ੍ਰਾਹਕਾਂ ਦੀ ਅਗਵਾਈ ਕਰਨ ਵਾਲੀ ਸੱਤਾ ਮਜ਼ਬੂਤੀ ਨਾਲ ਆਣ ਖੜੋਤੀ ਸੀ। ਅਜੋਕੀਆਂ ਪਾਰਲੀਮੈਂਟਰੀ ਚੋਣਾਂ ਓਹਲੇ ਵੀ ਇਹੋ ਖੇਡ ਚੱਲਦੀ ਸੁਣੀ ਜਾਂਦੀ ਹੈ।

ਰੂਪ ਬਦਲਿਆ ਹੋ ਸਕਦਾ ਹੈ, ਸੱਤਾ ਆਖਰ ਸੱਤਾ ਹੁੰਦੀ ਹੈ ਤੇ ਉਸ ਦੀ ਸਰਪ੍ਰਸਤੀ ਦਾ ਮਤਲਬ ਦੁਨੀਆ ਭਰ ਦਾ ਪੂੰਜੀ ਬਾਜ਼ਾਰ ਜਾਣਦਾ ਹੈ। ਦੁਨੀਆ ਲੋਕਾਂ ਅਤੇ ਲੋਕਤੰਤਰਾਂ ਜਾਂ ਰਾਜ-ਪ੍ਰਬੰਧ ਦੀਆਂ ਹੋਰ ਵੰਨਗੀਆਂ ਨਾਲ ਨਹੀਂ ਚੱਲਦੀ, ਦੌਲਤਾਂ ਨਾਲ ਖਜ਼ਾਨੇ ਭਰਨ ਦੀ ਓਸੇ ਨੀਤ ਤੇ ਨੀਤੀ ਦੇ ਨਵੇਂ ਆਸ਼ੇ ਮੁੱਖ ਰੱਖ ਕੇ ਚਲਾਈ ਜਾਂਦੀ ਹੈ, ਜਿਸ ਨੀਤ ਤੇ ਨੀਤੀ ਉੱਤੇ ਪੁਰਾਣੇ ਸਮੇਂ ਦੇ ਰਾਜੇ-ਮਹਾਰਾਜੇ ਚੱਲਿਆ ਕਰਦੇ ਸਨ। ਲੋਕ ਬੇਸ਼ੱਕ ਭੁੱਖੇ ਮਰਦੇ ਸਨ, ਰਾਜੇ ਅਜੋਕੇ ਰਾਸ਼ਟਰਪਤੀ ਭਵਨ ਨਾਲੋਂ ਵੱਧ ਆਲੀਸ਼ਾਨ ਮਹਿਲਾਂ ਵਿੱਚ ਰਹਿੰਦੇ ਅਤੇ ਐਸ਼ ਕਰਨ ਦੇ ਨਾਲ ਖਜ਼ਾਨਿਆਂ ਵਿਚਲੀ ਦੌਲਤ ਹੋਰ ਤੋਂ ਹੋਰ ਵਧਾਉਣ ਲੱਗੇ ਰਹਿੰਦੇ ਸਨ। ਲੋਕਤੰਤਰੀ ਪਰਦੇ ਹੇਠ ਅਜੋਕੇ ਰਾਜੇ-ਮਹਾਰਾਜੇ ਕਿਸੇ ਵੀ ਦੇਸ਼ ਦੇ ਹੋਣ, ਆਪਣੇ ਚਹੇਤਿਆਂ ਦੀਆਂ ਦੌਲਤਾਂ ਦੇ ਅੰਬਾਰ ਭਰਨ ਲਈ ਯਤਨ ਕਰਦੇ ਅਤੇ ਝੁੱਗੀ-ਝੌਂਪੜੀਆਂ ਵਿੱਚ ਭੁੱਖੇ ਢਿੱਡ ਸੌਂਦੇ ਲੋਕਾਂ ਨੂੰ ਸੁਨਹਿਰੇ ਸੁਫਨੇ ਵਿਖਾਉਣ ਲਈ ਫਿਲਮੀ ਦੁਨੀਆ ਵਾਲੇ ਐਕਟਰਾਂ ਤੋਂ ਵੱਧ ਕਮਾਲ ਕਰਦੇ ਨਜ਼ਰ ਆਉਂਦੇ ਹਨ। ਮਨੁੱਖਾ ਦੇਹੀ ਨੂੰ ਮਾਨਣ ਦੀ ਥਾਂ ਭੁਗਤਣ ਲਈ ਦੁਨੀਆਂ ਵਿੱਚ ਆਇਆ ਆਮ ਬੰਦਾ ਕਦੀ ਇਹ ਜਾਣ ਨਹੀਂ ਸਕਦਾ ਕਿ ਉਸ ਦੀ ਗੱਠੜੀ ਨੂੰ ਚੋਰ ਕਿੱਥੇ ਲੱਗਾ ਪਿਆ ਹੈ! ਆਮ ਬੰਦਾ ਇਹ ਜਾਣ ਵੀ ਲਵੇ ਤਾਂ ਕਰੂਗਾ ਕੀ! ਕਹਾਵਤ ਸੁਣਦੀ ਹੈ ਕਿ 'ਤੌੜੀ ਉੱਬਲੇਗੀ ਤਾਂ ਆਪਣੇ ਕੰਢੇ ਸਾੜ ਲਵੇਗੀ, ਕਿਸੇ ਦਾ ਕੀ ਵਿਗਾੜ ਲਵੇਗੀ'! ਲੋਕਤੰਤਰ ਵਿੱਚ ਆਮ ਲੋਕ ਕੁਝ ਨਹੀਂ ਜਾਣ ਸਕਦੇ। ਜੇ ਉਹ ਜਾਣ ਵੀ ਲੈਣ ਤਾਂ ਚਿੱਟੇ ਦਿਨ ਲੁੱਟਣ ਵਾਲਿਆਂ ਦਾ ਵਿਗਾੜ ਕੀ ਲੈਣਗੇ! ਉਨ੍ਹਾਂ ਨੂੰ ਉਸ ਦਿਨ ਦੀ ਉਡੀਕ ਕਰਨੀ ਪੈਣੀ ਹੈ, ਜਦੋਂ ਉਨ੍ਹਾਂ ਆਮ ਲੋਕਾਂ ਦੀ ਵੋਟ ਅਸਲੀ ਅਰਥਾਂ ਵਿੱਚ ਲੋਕਤੰਤਰ ਵਿੱਚ ਕੋਈ ਪ੍ਰਭਾਵ ਪਾਉਣ ਜੋਗੀ ਹੋਵੇਗੀ, ਅਤੇ ਉਹੋ ਜਿਹਾ ਦਿਨ ਲਿਆਉਣ ਲਈ ਜਾਗਰਿਤ ਮੱਥੇ ਵਾਲਿਆਂ ਨੂੰ ਕੋਸ਼ਿਸ਼ਾਂ ਵੀਕਰਨੀਆਂ ਹੋਣਗੀਆਂ।

# ਸੰਗੀਤ ਉਦਯੋਗ ਵਿੱਚ ਨੌਕਰੀ ਦੇ ਅਧਾਰਤ ਕਰੀਅਰ ਵਿਕਲਪ

*ਵਿਜੇ ਗਰਗ, ਰਿਟਾਇਰਡ ਪ੍ਰਿੰਸੀਪਲ*
*ਐਜੁਕੇਸ਼ਨਲ ਕਾਲਮਨਿਸਟ ਮਲੋਟ*

ਸੰਗੀਤ ਮਨੁੱਖ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਹੈ। ਸੰਗੀਤ ਭਾਵਨਾਵਾਂ ਪੈਦਾ ਕਰ ਸਕਦਾ ਹੈ ਅਤੇ ਭਾਵਨਾਵਾਂ ਨੂੰ ਪ੍ਰਗਟ ਕਰ ਸਕਦਾ ਹੈ। ਇਹ ਮਨ ਨੂੰ ਵੀ ਸਕੂਨ ਦਿੰਦਾ ਹੈ। ਸੰਗੀਤ ਅੱਜ ਇੱਕ ਵਧੀਆ ਕਰੀਅਰ ਵਿਕਲਪ ਬਣ ਗਿਆ ਹੈ. ਮਨੋਰੰਜਨ ਉਦਯੋਗ ਦੇ ਅਥਾਹ ਵਿਕਾਸ ਦੇ ਨਾਲ, ਸੰਗੀਤ ਵਿੱਚ ਇੱਕ ਕੈਰੀਅਰ ਇੱਕ ਵਧੀਆ ਵਿਕਲਪ ਬਣ ਰਿਹਾ ਹੈ। ਪ੍ਰਤਿਭਾ, ਸੱਚੀ ਦਿਲਚਸਪੀ, ਇਮਾਨਦਾਰੀ ਅਤੇ ਮਿਹਨਤ ਕਰਨ ਦੀ ਇੱਛਾ ਨਾਲ ਸੰਗੀਤ ਦੇ ਖੇਤਰ ਵਿੱਚ ਸਫਲਤਾ ਜ਼ਰੂਰ ਹਾਸਲ ਕੀਤੀ ਜਾ ਸਕਦੀ ਹੈ। ਗਾਉਣ ਦੀ ਪੈਦਾਇਸ਼ੀ ਪ੍ਰਤਿਭਾ ਦਾ ਹੋਣਾ ਇੱਕ ਸ਼ਾਨਦਾਰ ਤੋਹਫ਼ਾ ਹੈ। ਪਰ ਇਸ ਪ੍ਰਤਿਭਾ ਤੋਂ ਬਾਹਰ ਕਰੀਅਰ ਬਣਾਉਣ ਲਈ ਬਹੁਤ ਅਭਿਆਸ ਅਤੇ ਸਖ਼ਤ ਮਿਹਨਤ ਦੀ ਮੰਗ ਹੁੰਦੀ ਹੈ।

ਕਿਸੇ ਸੰਸਥਾ ਵਿੱਚ ਸ਼ਾਮਲ ਹੋਣਾ ਅਤੇ ਸਿਖਲਾਈ ਪ੍ਰਾਪਤ ਕਰਨਾ ਸੰਗੀਤ ਵਿੱਚ ਕੈਰੀਅਰ ਬਣਾਉਣ ਲਈ ਪਹਿਲੇ ਕਦਮਾਂ ਵਿੱਚੋਂ ਇੱਕ ਹੈ ਪਰ ਮਨੁੱਖ ਦਾ ਜ਼ੋਰ ਅਸਲ ਸਮਰਪਣ ਅਤੇ ਵਚਨਬੱਧਤਾ ਹੋਣਾ ਚਾਹੀਦਾ ਹੈ। ਇੱਕ ਵਿਅਕਤੀ ਜੋ ਸੰਗੀਤ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦਾ ਹੈ, ਉਸ ਨੂੰ ਸੰਗੀਤ ਲਈ ਸੱਚਾ ਪਿਆਰ ਹੋਣਾ ਚਾਹੀਦਾ ਹੈ, ਇੱਕ ਸੰਗੀਤਕ ਸੂਝ, ਜਿਸਦਾ ਅਰਥ ਹੈ ਸਮੇਂ ਅਤੇ ਤਾਲ ਦੀ ਭਾਵਨਾ, ਰਚਨਾਤਮਕ ਯੋਗਤਾ ਅਤੇ ਸਟੇਜ ਆਤਮਵਿਸ਼ਵਾਸ ਵੀ। ਸੰਗੀਤ ਉਦਯੋਗ ਵਿੱਚ ਕਰੀਅਰ ਵਿਕਲਪ ਜਿਸ ਤਰ੍ਹਾਂ ਸੰਗੀਤ ਵਿੱਚ ਕਲਾਸੀਕਲ, ਫੋਕ, ਜੈਜ਼, ਰੌਕ, ਪੌਪ, ਫਿਊਜ਼ਨ ਆਦਿ ਕਈ ਤਰ੍ਹਾਂ ਦੇ ਰੂਪ ਹਨ, ਉਸੇ ਤਰ੍ਹਾਂ ਇਸ ਖੇਤਰ ਵਿੱਚ ਵੀ ਕਈ ਤਰ੍ਹਾਂ ਦੇ ਮੌਕੇ ਹਨ। ਇਸ ਉਦਯੋਗ ਵਿੱਚ ਕਰੀਅਰ ਦੇ ਬਹੁਤ ਸਾਰੇ ਵਿਕਲਪ ਹਨ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ। ਸੰਗੀਤਕਾਰ: ਇੱਕ ਸੰਗੀਤਕਾਰ ਉਹ ਹੁੰਦਾ ਹੈ ਜੋ ਵੱਖ-ਵੱਖ ਸੰਗੀਤ ਸ਼ੈਲੀਆਂ ਵਿੱਚ ਮੂਲ ਸੰਗੀਤ ਨੂੰ ਲਿਖਦਾ ਅਤੇ ਵਿਵਸਥਿਤ ਕਰਦਾ ਹੈ। ਉਹ ਪੌਪ ਤੋਂ ਲੈ ਕੇ ਜੈਜ਼ ਤੱਕ ਕਲਾਸੀਕਲ ਤੱਕ ਅਸਲੀ ਸੰਗੀਤ ਬਣਾਉਂਦੇ ਹਨ। ਟੈਲੀਵਿਜ਼ਨ ਸ਼ੋਆਂ ਲਈ ਸੰਗੀਤਕ ਥੀਮ ਅਤੇ ਬੈਕਗ੍ਰਾਉਂਡ ਸੰਗੀਤ ਕੰਪੋਜ਼ਰਾਂ ਦੁਆਰਾ ਬਣਾਏ ਗਏ ਹਨ। ਇੱਕ ਸੰਗੀਤਕਾਰ ਦਾ ਕੰਮ ਦਰਸ਼ਕਾਂ ਦਾ ਧਿਆਨ ਭਟਕਾਏ ਬਿਨਾਂ ਇੱਕ ਫਿਲਮ, ਟੈਲੀਵਿਜ਼ਨ ਕਹਾਣੀ, ਪਲੇ ਜਾਂ ਵੀਡੀਓ ਗੇਮ ਵਿੱਚ ਕਹਾਣੀ ਸੁਣਾਉਣ ਵਿੱਚ ਮਦਦ ਕਰਨਾ ਹੈ। ਉਹਨਾਂ ਦੁਆਰਾ ਬਣਾਏ ਗਏ ਸਾਉਂਡਟ੍ਰੈਕ ਨੂੰ ਪ੍ਰੋਜੈਕਟ ਦੇ ਅਨੁਕੂਲ ਹੋਣਾ ਚਾਹੀਦਾ ਹੈ ਅਤੇ ਉਚਿਤ ਮੂਡ ਅਤੇ ਟੋਨ ਨੂੰ ਵਿਅਕਤ ਕਰਨਾ ਚਾਹੀਦਾ ਹੈ। ਧੀਰਜ, ਸੰਗੀਤਕ ਪ੍ਰਤਿਭਾ, ਸਾਜ਼ਾਂ ਦਾ ਗਿਆਨ, ਨੈਟਵਰਕਿੰਗ, ਅਤੇ ਮਾਰਕੀਟਿੰਗ, ਗਾਇਕੀ ਆਦਿ ਵਰਗੇ ਗੁਣ ਇੱਕ ਸੰਗੀਤਕਾਰ ਵਿੱਚ ਮੌਜੂਦ ਹੋਣੇ ਚਾਹੀਦੇ ਹਨ।

ਇੱਕ ਪੇਸ਼ੇਵਰ ਸੰਗੀਤਕਾਰ ਬਣਨ ਲਈ ਸੰਗੀਤ ਰਚਨਾ ਵਿੱਚ ਬੈਚਲਰ ਦੀ ਡਿਗਰੀ ਦੀ ਲੋੜ ਹੋਵੇਗੀ। ਇੱਕ ਸੰਗੀਤਕਾਰ ਸਲਾਨਾ ਲਗਭਗ 7,00,000 ਰੁਪਏ ਕਮਾ ਸਕਦਾ ਹੈ, ਬਾਕੀ ਕੰਮ ਅਤੇ ਅਨੁਭਵ 'ਤੇ ਨਿਰਭਰ ਕਰਦਾ ਹੈ। ਨਿਰਮਾਤਾ: ਸੰਗੀਤ ਨਿਰਮਾਤਾ ਸੈਸ਼ਨਾਂ ਦੀ ਯੋਜਨਾ ਬਣਾਉਣ ਤੋਂ ਲੈ ਕੇ ਮੁਕੰਮਲ ਉਤਪਾਦ ਤੱਕ, ਰਿਕਾਰਡਿੰਗ ਸੈਸ਼ਨ ਦੇ ਸਾਰੇ ਪਹਿਲੂਆਂ ਦੀ ਨਿਗਰਾਨੀ ਕਰਦਾ ਹੈ। ਇੱਕ ਸੰਗੀਤ ਨਿਰਮਾਤਾ ਦੇ ਰੂਪ ਵਿੱਚ, ਤੁਸੀਂ ਯੰਤਰ ਪ੍ਰਦਾਨ ਕਰਨ, ਸਟੂਡੀਓ ਦੇ ਸਮੇਂ ਨੂੰ ਨਿਯਤ ਕਰਨ ਅਤੇ ਫੰਡਾਂ, ਲਾਗਤਾਂ ਅਤੇ ਹੋਰ ਖਰਚਿਆਂ ਨੂੰ ਸੰਭਾਲਣ ਲਈ ਜ਼ੰਮੇਵਾਰ ਹੋਵੋਗੇ। ਇੱਕ ਸੰਗੀਤ ਨਿਰਮਾਤਾ ਕੋਲ ਸੰਗੀਤ ਦਾ ਡੂੰਘਾਈ ਨਾਲ ਗਿਆਨ ਹੋਣਾ ਚਾਹੀਦਾ ਹੈ, ਪ੍ਰਦਰਸ਼ਨ ਦੇ ਤਜ਼ਰਬੇ ਵਾਲਾ ਇੱਕ ਸੰਗੀਤਕਾਰ ਹੋਣਾ ਚਾਹੀਦਾ ਹੈ ਅਤੇ ਰਿਕਾਰਡਿੰਗ ਸਾਜ਼ੋ-ਸਾਮਾਨ ਅਤੇ ਸਾਊਂਡ ਇੰਜੀਨੀਅਰਿੰਗ ਬਾਰੇ ਜਾਣਨ ਲਈ ਸਭ ਕੁਝ ਜਾਣਨਾ ਚਾਹੀਦਾ ਹੈ। ਤੁਹਾਡੇ ਦੁਆਰਾ ਤਿਆਰ ਕੀਤਾ ਗਿਆ ਅੰਤਮ ਉਤਪਾਦ ਇੱਕ ਗੁਣਵੱਤਾ ਵਾਲੇ ਸੰਗੀਤਕ ਕੰਮ ਦੀ ਰਚਨਾ ਅਤੇ ਪ੍ਰਕਾਸ਼ਨ ਹੋਣਾ ਚਾਹੀਦਾ ਹੈ। ਇੱਕ ਸੰਗੀਤ ਨਿਰਮਾਤਾ ਵਜੋਂ ਤੁਹਾਡੀ ਨੌਕਰੀ ਦਾ ਇੱਕ ਪ੍ਰਮੁੱਖ ਪਹਿਲੂ ਗੁਣਵੱਤਾ ਵਾਲੀਆਂ ਆਵਾਜ਼ਾਂ ਬਣਾਉਣਾ ਹੈ ਜੋ ਬਾਕੀ ਸਾਰੇ ਮੈਂਬਰਾਂ ਨੂੰ ਸੰਤੁਸ਼ਟ ਕਰਦਾ ਹੈ। ਇੱਕ ਡਿਗਰੀ ਜਿਵੇਂ ਕਿ ਸੰਗੀਤ ਉਤਪਾਦਨ ਅਤੇ ਇੰਜੀਨੀਅਰਿੰਗ ਜਾਂ ਸੰਗੀਤ ਕਾਰੋਬਾਰ ਵਿੱਚ ਬੈਚਲਰ ਆਫ਼ ਮਿਊਜ਼ਕਿ ਤੁਹਾਡੇ ਇੱਕ ਸੰਗੀਤ ਨਿਰਮਾਤਾ ਬਣਨ ਵਿੱਚ ਮਦਦਗਾਰ ਹੋਵੇਗਾ। ਇੱਕ ਤਜਰਬੇਕਾਰ ਉਤਪਾਦਕ ਪ੍ਰਤੀ ਸਾਲ 12,00,000 ਰੁਪਏ ਤੱਕ ਕਮਾ ਸਕਦਾ ਹੈ। ਸੰਗੀਤਕਾਰ ਜਾਂ ਗਾਇਕ: ਸੰਗੀਤਕਾਰ ਅਤੇ ਗਾਇਕ ਲਾਈਵ ਦਰਸ਼ਕਾਂ ਲਈ ਅਤੇ ਰਿਕਾਰਡਿੰਗ ਸਟੂਡੀਓ ਵਿੱਚ ਯੰਤਰ ਵਜਾਉਂਦੇ ਹਨ ਜਾਂ ਗਾਉਂਦੇ ਹਨ। ਉਹ ਕਈ ਤਰ੍ਹਾਂ ਦੀਆਂ ਸ਼ੈਲੀਆਂ ਵਿੱਚ ਪ੍ਰਦਰਸ਼ਨ ਕਰਦੇ ਹਨ, ਜਿਵੇਂ ਕਿ ਕਲਾਸੀਕਲ, ਜੈਜ਼, ਓਪੇਰਾ, ਹਿੱਪ-ਹੌਪ, ਜਾਂ ਰੌਕ। ਇਹ ਸੰਗੀਤਕਾਰਾਂ ਦਾ ਕੰਮ ਹੈ ਕਿ ਉਹ ਯੰਤਰ ਵਜਾਉਣ ਦੇ ਨਾਲ-ਨਾਲ ਕਈ ਵਾਰ ਲਾਈਵ ਦਰਸ਼ਕਾਂ ਲਈ ਅਤੇ ਰਿਕਾਰਡਿੰਗ ਸੈਸ਼ਨਾਂ ਦੌਰਾਨ ਗੀਤ ਗਾਉਣ। ਜਦੋਂ ਕਿ, ਇੱਕ ਗਾਇਕ ਇੱਕ ਗੀਤ ਦੀ ਮੁੱਖ ਵੋਕਲ ਪੇਸ਼ ਕਰਦਾ ਹੈ। ਇੱਕ ਗਾਇਕ ਇੱਕ ਟਰੈਕ ਦੀ ਮੁੱਖ ਵੋਕਲ ਲਾਈਨ ਗਾਉਂਦਾ ਹੈ। ਉਹ ਜਾਂ ਉਹ ਪ੍ਰਦਰਸ਼ਨ ਦਾ ਮੁੱਖ ਫੋਕਸ ਹੈ, ਇੱਕ ਬੈਂਡ ਦੇ ਉਲਟ, ਜਿਸ ਵਿੱਚ ਨਿਯਮਤ ਮੈਂਬਰ ਹੁੰਦੇ ਹਨ ਜੋ ਟੂਰ ਕਰਦੇ ਹਨ, ਰਿਕਾਰਡ ਕਰਦੇ ਹਨ ਅਤੇ ਆਮ ਤੌਰ 'ਤੇ ਬਰਾਬਰ ਖੇਡਦੇ ਹਨ।ਇਕੱਠੇ ਪ੍ਰਦਰਸ਼ਨ ਵਿੱਚ ਭੂਮਿਕਾਵਾਂ ਸੰਗੀਤ ਸਿਧਾਂਤ ਜਾਂ ਸੰਗੀਤ ਪ੍ਰਦਰਸ਼ਨ ਵਿੱਚ ਬੈਚਲਰ ਡਿਗਰੀ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇੱਕ ਗਾਇਕ ਜਾਂ ਸੰਗੀਤਕਾਰ ਦੀ ਸਾਲਾਨਾ ਆਮਦਨ ਪੂਰੀ ਤਰ੍ਹਾਂ ਗਾਇਕ ਦੀ ਯੋਗਤਾ ਅਤੇ ਪ੍ਰਤਿਭਾ 'ਤੇ ਨਿਰਭਰ ਕਰਦੀ ਹੈ। ਸਾਊਂਡ ਡਿਜ਼ਾਈਨਰ: ਧੁਨੀ ਡਿਜ਼ਾਈਨਰ ਸਾਰੇ ਧੁਨੀ ਪ੍ਰਭਾਵਾਂ ਨੂੰ ਪ੍ਰਾਪਤ ਕਰਨ ਲਈ ਜ਼ੰਮੇਵਾਰ ਹੁੰਦੇ ਹਨ, ਭਾਵੇਂ ਇਹ ਰਿਕਾਰਡ ਕੀਤਾ ਗਿਆ ਹੋਵੇ ਜਾਂ ਕਿਸੇ ਖਾਸ ਉਤਪਾਦਨ ਲਈ ਲਾਈਵ ਹੋਵੇ। ਉਹ ਧੁਨੀ ਪਲੇਬੈਕ ਸਾਜ਼ੋ-ਸਾਮਾਨ ਨੂੰ ਸਥਾਪਤ ਕਰਨ ਲਈ ਵੀ ਜ਼ੰਮੇਵਾਰ ਹਨ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੋਰਡ ਆਪਰੇਟਰ ਸਹੀ ਢੰਗ ਨਾਲ ਸਿਖਲਾਈ ਪ੍ਰਾਪਤ ਹੈ। ਸਾਊਂਡ ਡਿਜ਼ਾਈਨਿੰਗ ਉਤਪਾਦਨ ਦਾ ਇੱਕ ਕਲਾਤਮਕ ਹਿੱਸਾ ਹੈ। ਧੁਨੀ ਡਿਜ਼ਾਈਨਰ ਨੂੰ ਧੁਨੀ ਪ੍ਰਭਾਵ ਬਣਾਉਣ ਲਈ ਕਲਪਨਾ ਦੀ ਲੋੜ ਹੁੰਦੀ ਹੈ ਨਾ ਕਿ ਉਹਨਾਂ ਨੂੰ ਦੁਬਾਰਾ ਰਿਕਾਰਡ ਕਰਨ ਲਈ। ਇੱਕ ਫਿਲਮ ਦੇ ਮਾਹੌਲ ਲਈ ਨਿਰਦੇਸ਼ਕ ਦੀ ਰਚਨਾਤਮਕ ਦ੍ਰਿਸ਼ਟੀ ਨੂੰ ਸਮਝਣ ਅਤੇ ਸਾਕਾਰ ਕਰਨ ਦਾ ਇੱਕ ਮਹੱਤਵਪੂਰਨ ਹਿੱਸਾ, ਚੰਗੀ ਆਵਾਜ਼ ਰਿਕਾਰਡਿੰਗ ਪੋਸਟ-ਪ੍ਰੋਡਕਸ਼ਨ ਵਿੱਚ ਇੱਕ ਉਤਪਾਦਨ ਦੇ ਸਮੇਂ ਅਤੇ ਪੈਸੇ ਦੀ ਬਚਤ ਕਰ ਸਕਦੀ ਹੈ। ਇੱਕ ਸਾਊਂਡ ਡਿਜ਼ਾਈਨਰ ਲਈ, ਇਲੈਕਟ੍ਰੋਨਿਕਸ ਅਤੇ ਧੁਨੀ ਰਿਕਾਰਡਿੰਗ, ਪਲੇਬੈਕ ਅਤੇ ਸੰਪਾਦਨ ਉਪਕਰਣਾਂ ਦੀ ਚੰਗੀ ਸਮਝ ਅਤੇ ਨਿਰਦੇਸ਼ਨ ਦੇਣ ਅਤੇ ਸਵੀਕਾਰ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਸਾਊਂਡ ਡਿਜ਼ਾਈਨਰ ਬਣਨ ਲਈ ਸਾਊਂਡ ਡਿਜ਼ਾਈਨ ਵਿਚ ਬੈਚਲਰ ਅਤੇ ਮਾਸਟਰ ਡਿਗਰੀਆਂ ਦੀ ਲੋੜ ਹੁੰਦੀ ਹੈ। ਇੱਕ ਸਾਊਂਡ ਡਿਜ਼ਾਈਨਰ ਪ੍ਰਤੀ ਸਾਲ 6,00,000 ਰੁਪਏ ਤੱਕ ਕਮਾ ਸਕਦਾ ਹੈ। ਸੰਗੀਤ ਨਿਰਦੇਸ਼ਕ: ਸੰਗੀਤ ਨਿਰਦੇਸ਼ਕਾਂ ਨੂੰ ਕੰਡਕਟਰ ਵਜੋਂ ਵੀ ਜਾਣਿਆ ਜਾਂਦਾ ਹੈ, ਉਹ ਸੰਗੀਤਕ ਸਮੂਹਾਂ ਦੀ ਅਗਵਾਈ ਕਰਦੇ ਹਨ ਜਿਵੇਂ ਕਿ ਆਰਕੈਸਟਰਾ ਆਦਿ। ਉਹ ਪ੍ਰਦਰਸ਼ਨ ਕਰਨ ਲਈ ਸੰਗੀਤ ਦੀ ਚੋਣ ਕਰਦੇ ਹਨ, ਪ੍ਰਦਰਸ਼ਨ ਦਾ ਪ੍ਰਬੰਧ ਕਰਦੇ ਹਨ ਅਤੇ ਸੰਗੀਤਕਾਰਾਂ ਨਾਲ ਕੰਮ ਕਰਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਵਧੀਆ ਪ੍ਰਦਰਸ਼ਨ ਕਰਦੇ ਹਨ। ਉਹ ਰਿਹਰਸਲਾਂ ਅਤੇ ਪ੍ਰਦਰਸ਼ਨਾਂ ਦੀ ਅਗਵਾਈ ਵੀ ਕਰਦੇ ਹਨ। ਉਹ ਅਕਸਰ ਸੰਗੀਤਕ ਸਮੂਹ ਦੀ ਅਗਵਾਈ ਕਰਨ ਦੇ ਬਹੁਤ ਸਾਰੇ ਪ੍ਰਬੰਧਕੀ ਵੇਰਵਿਆਂ ਲਈ ਜ਼ੰਮੇਵਾਰ ਹੁੰਦੇ ਹਨ। ਸੰਗੀਤ ਨਿਰਦੇਸ਼ਕ ਵੱਖ-ਵੱਖ ਕਿਸਮਾਂ ਦੇ ਸੰਗੀਤਕ ਸਮੂਹਾਂ ਨਾਲ ਕੰਮ ਕਰਦੇ ਹਨ, ਜਿਸ ਵਿੱਚ ਸਕੂਲ ਬੈਂਡ, ਯੂਥ ਆਰਕੈਸਟਰਾ ਅਤੇ ਪ੍ਰਦਰਸ਼ਨ ਕੰਪਨੀਆਂ ਸ਼ਾਮਲ ਹਨ, ਜਾਂ ਟੈਲੀਵਿਜ਼ਨ ਜਾਂ ਰੇਡੀਓ ਸ਼ੋਅ ਲਈ ਵੀ ਕੰਮ ਕਰ ਸਕਦੇ ਹਨ। ਇੱਕ ਸਫਲ ਸੰਗੀਤ ਨਿਰਦੇਸ਼ਕ ਰਚਨਾਤਮਕ, ਦ੍ਰਿੜ ਅਤੇ ਭਰੋਸੇਮੰਦ ਹੁੰਦਾ ਹੈ। ਉਨ੍ਹਾਂ ਕੋਲ ਸ਼ਾਨਦਾਰ ਅੰਤਰ-ਵਿਅਕਤੀਗਤ ਹੁਨਰ ਹੈ ਅਤੇ ਭੀੜ ਦੇ ਸਾਹਮਣੇ ਚਮਕਦਾ ਹੈ। ਪਰਫਾਰਮਿੰਗ ਆਰਟਸ ਵਿੱਚ ਇੱਕ ਸੰਗੀਤ ਨਿਰਦੇਸ਼ਕ ਕੋਲ ਸੰਗੀਤਕ ਪ੍ਰੋਗਰਾਮਾਂ ਜਿਵੇਂ ਸੰਚਾਲਨ, ਸੰਗੀਤ ਸਿਧਾਂਤ, ਸੰਗੀਤ ਰਚਨਾ, ਜਾਂ ਕਿਸੇ ਖਾਸ ਸਾਧਨ ਵਿੱਚ ਮਾਸਟਰ ਅਤੇ ਪੀਐਚਡੀ ਹੁੰਦਾ ਹੈ। ਇੱਕ ਸੰਗੀਤ ਨਿਰਦੇਸ਼ਕ ਦੀ ਔਸਤ ਸਾਲਾਨਾ ਤਨਖਾਹ ਲਗਭਗ 9,00,000 ਰੁਪਏ ਹੈ। ਸੰਗੀਤ ਸੰਪਾਦਕ: ਸੰਗੀਤ ਸੰਪਾਦਕ ਨਿਰਦੇਸ਼ਕਾਂ ਨੂੰ ਫਿਲਮਾਂ 'ਤੇ ਉਨ੍ਹਾਂ ਦੀਆਂ ਸੰਗੀਤਕ ਅਭਿਲਾਸ਼ਾਵਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ ਅਤੇ ਫਿਲਮ ਅਤੇ ਸੰਗੀਤਕਾਰ ਵਿਚਕਾਰ ਇੱਕ ਮਹੱਤਵਪੂਰਣ ਲਿੰਕ ਪ੍ਰਦਾਨ ਕਰਦੇ ਹਨ। ਉਹ ਸਾਉਂਡਟ੍ਰੈਕ ਨੂੰ ਬਣਾਉਂਦੇ ਹਨ, ਇਹ ਯਕੀਨੀ ਬਣਾਉਂਦੇ ਹਨ ਕਿ ਸਾਰੇ ਹਿੱਸੇ ਇਕੱਠੇ ਕੰਮ ਕਰਦੇ ਹਨ। ਫਿਲਮ ਸੰਗੀਤ ਨੂੰ ਸਫਲਤਾਪੂਰਵਕ ਕੰਮ ਕਰਨ ਲਈ ਇਹ ਸੁੰਦਰਤਾ ਨਾਲ ਲਿਖਿਆ, ਵਧੀਆ ਪ੍ਰਦਰਸ਼ਨ ਅਤੇ ਕਹਾਣੀ ਅਤੇ ਸੈਟਿੰਗ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਸ ਨੂੰ ਫਿਲਮ ਦੇ ਅੰਦਰ ਬਹੁਤ ਧਿਆਨ ਨਾਲ ਰੱਖਿਆ ਜਾਣਾ ਚਾਹੀਦਾ ਹੈ, ਕਿਰਿਆ ਨੂੰ ਪੂਰਕ ਕਰਨ ਲਈ, ਨਾ ਕਿ ਇਸ ਤੋਂ ਧਿਆਨ ਹਟਾਉਣ ਦੀ। ਹਰ ਫਿਲਮ ਦੀ ਸੰਗੀਤਕ ਸਮੱਗਰੀ ਅਤੇ ਬਜਟ ਦੇ ਮੁਤਾਬਕ ਉਨ੍ਹਾਂ ਦੀਆਂ ਜ਼ੰਮੇਵਾਰੀਆਂ ਵੱਖ-ਵੱਖ ਹੁੰਦੀਆਂ ਹਨ। ਉਹ ਆਮ ਤੌਰ 'ਤੇ ਫਿਲਮ ਦੇ ਸਾਉਂਡਟ੍ਰੈਕ 'ਤੇ ਪ੍ਰਦਰਸ਼ਿਤ ਕੀਤੇ ਗਏ ਸਾਰੇ ਸੰਗੀਤ ਲਈ ਜ਼ੰਮੇਵਾਰ ਹੁੰਦੇ ਹਨ, ਜਿਸ ਵਿੱਚ ਪੇਸ਼ ਕੀਤਾ ਗਿਆ ਸੰਗੀਤ, ਸਾਰਾ ਸਰੋਤ ਅਤੇ ਸਕੋਰ, ਖਾਸ ਤੌਰ 'ਤੇ ਫਿਲਮ ਲਈ ਸੰਗੀਤਕਾਰ ਦੁਆਰਾ ਲਿਖਿਆ ਗਿਆ ਹੈ। ਇੱਕ ਸੰਗੀਤ ਸੰਪਾਦਕ ਵਜੋਂ ਆਪਣੇ ਕਰੀਅਰ ਨੂੰ ਅੱਗੇ ਵਧਾਉਣ ਲਈ ਸੰਬੰਧਿਤ ਖੇਤਰ ਵਿੱਚ ਇੱਕ ਬੈਚਲਰ ਡਿਗਰੀ ਦੀ ਲੋੜ ਹੁੰਦੀ ਹੈ। ਇੱਕ ਸੰਗੀਤ ਸੰਪਾਦਕ ਸਾਲਾਨਾ 6,00,000 ਰੁਪਏ ਕਮਾ ਸਕਦਾ ਹੈ। ਸੰਗੀਤ ਅਧਿਆਪਕ: ਸੰਗੀਤ ਅਧਿਆਪਕ ਇਸ ਬਾਰੇ ਸੰਗੀਤ ਸਬਕ ਪ੍ਰਦਾਨ ਕਰਦੇ ਹਨ ਕਿ ਬੱਚਿਆਂ ਨੂੰ ਸੰਗੀਤਕ ਸਾਜ਼ ਕਿਵੇਂ ਗਾਉਣਾ ਜਾਂ ਵਜਾਉਣਾ ਹੈ ਜਿਵੇਂ ਕਿ ਬਾਲਗਾਂ ਅਤੇ ਬੱਚਿਆਂ ਨੂੰ ਘਰ, ਸਕੂਲ ਜਾਂ ਕਾਲਜ ਵਿੱਚ। ਕੁਝ ਸੰਗੀਤ ਅਧਿਆਪਕ ਵੀ ਲੋਕਾਂ ਨੂੰ ਸੰਗੀਤ ਸਿਧਾਂਤ ਬਾਰੇ ਪੜ੍ਹਾਉਂਦੇ ਹਨ। ਉਹ ਲੋਕਾਂ ਨੂੰ ਇੰਸਟਰੂਮੈਂਟਲ ਤਕਨੀਕਾਂ, ਪੈਮਾਨੇ, ਦ੍ਰਿਸ਼ਟੀ ਪੜ੍ਹਨ, ਅਤੇ ਸੰਗੀਤ ਸਿਧਾਂਤ ਸਿਖਾਉਣ ਲਈ ਜ਼ੰਮੇਵਾਰ ਹਨ, ਜ਼ਿਆਦਾਤਰ ਸੰਗੀਤ ਅਧਿਆਪਕ ਸੰਗੀਤ ਪ੍ਰੀਖਿਆਵਾਂ, ਆਡੀਸ਼ਨਾਂ ਅਤੇ ਲਾਈਵ ਪ੍ਰਦਰਸ਼ਨਾਂ ਦੀ ਤਿਆਰੀ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੇ ਹਨ। ਕੁਝ ਲੋਕਾਂ ਨੂੰ ਰਿਕਾਰਡਿੰਗ ਸੌਫਟਵੇਅਰ ਬਾਰੇ ਵੀ ਸਿਖਾ ਸਕਦੇ ਹਨ, ਜਿਵੇਂ ਕਿ ਪ੍ਰ ਸਾਧਨ ਅਤੇ ਤਰਕ। ਹਾਲਾਂਕਿ ਸੰਗੀਤ ਦੇ ਤੋਹਫ਼ੇ ਨੂੰ ਸਾਂਝਾ ਕਰਨਾ ਫਲਦਾਇਕ ਅਤੇ ਸੰਪੂਰਨ ਹੋ ਸਕਦਾ ਹੈ, ਸੰਗੀਤ ਸਿਖਾਉਣਾ ਸਿਰਫ਼ ਸੰਗੀਤ ਬਾਰੇ ਨਹੀਂ ਹੈ। ਤੁਹਾਡੇ ਕੋਲ ਪ੍ਰਭਾਵਸ਼ਾਲੀ ਕਲਾਸਰੂਮ ਪ੍ਰਬੰਧਨ ਹੁਨਰ ਹੋਣੇ ਚਾਹੀਦੇ ਹਨ ਅਤੇ ਇਹ ਜਾਣਨ ਦੀ ਜ਼ਰੂਰਤ ਹੋਏਗੀ ਕਿ ਤੁਹਾਡੇ ਵਿਦਿਆਰਥੀਆਂ ਦੀ ਤਰੱਕੀ ਦਾ ਮੁਲਾਂਕਣ ਅਤੇ ਗ੍ਰੇਡ ਕਿਵੇਂ ਕਰਨਾ ਹੈ। ਸੰਗੀਤ ਅਧਿਆਪਕਾਂ ਨੂੰ ਸੰਗੀਤ ਦੀ ਸਿੱਖਿਆ ਵਿੱਚ ਘੱਟੋ-ਘੱਟ ਇੱਕ ਬੈਚਲਰ ਡਿਗਰੀ ਹੋਣੀ ਚਾਹੀਦੀ ਹੈ, ਪਰ ਬਹੁਤ ਸਾਰੇ ਅਧਿਆਪਕ ਸੰਗੀਤ ਪ੍ਰਦਰਸ਼ਨ ਜਾਂ ਸੰਗੀਤ ਸਿੱਖਿਆ ਵਿੱਚ ਮਾਸਟਰ ਡਿਗਰੀ ਜਾਂ ਡਾਕਟਰੇਟ ਡਿਗਰੀਆਂ ਵੀ ਪ੍ਰਾਪਤ ਕਰਦੇ ਹਨ। ਇੱਕ ਸੰਗੀਤ ਅਧਿਆਪਕ ਪ੍ਰਤੀ ਸਾਲ ਲਗਭਗ 4,50,000 ਰੁਪਏ ਕਮਾ ਸਕਦਾ ਹੈ। ਰਿਕਾਰਡਿੰਗ ਇੰਜੀਨੀਅਰ: ਇੱਕ ਰਿਕਾਰਡਿੰਗ ਇੰਜੀਨੀਅਰ ਦਾ ਕੰਮ ਸਿਰਫ ਆਡੀਓ ਰਿਕਾਰਡ ਕਰਨਾ ਨਹੀਂ ਹੈ ਬਲਕਿ ਇਸਨੂੰ ਇਸ ਤਰੀਕੇ ਨਾਲ ਸੰਪਾਦਿਤ ਕਰਨਾ ਅਤੇ ਮਿਲਾਉਣਾ ਹੈ ਕਿ ਆਡੀਓ ਦੀ ਆਵਾਜ਼ ਨੂੰ ਸਭ ਤੋਂ ਵਧੀਆ ਬਣਾਇਆ ਜਾ ਸਕਦਾ ਹੈ। ਤੁਸੀਂ ਸਰਵੋਤਮ ਧੁਨੀ ਨਤੀਜੇ ਨੂੰ ਯਕੀਨੀ ਬਣਾਉਣ ਲਈ ਲਾਈਵ ਇਵੈਂਟਾਂ, ਰਿਕਾਰਡਿੰਗਾਂ ਜਾਂ ਪੋਸਟ-ਪ੍ਰੋਡਕਸ਼ਨ ਵਿੱਚ ਧੁਨੀ ਸਾਜ਼ੋ-ਸਾਮਾਨ ਸਥਾਪਤ ਅਤੇ ਸੰਚਾਲਿਤ ਕਰੋਗੇ। ਰਿਕਾਰਡਿੰਗ ਇੰਜੀਨੀਅਰ ਦੁਆਰਾ ਆਮ ਤੌਰ 'ਤੇ ਵਰਤੇ ਜਾਣ ਵਾਲੇ ਉਪਕਰਣਾਂ ਵਿੱਚ ਡਿਜੀਟਲ ਰਿਕਾਰਡਰ, ਸੁਣਨ ਵਾਲੇ ਉਪਕਰਣ, ਮਿਕਸਿੰਗ ਬੋਰਡ, ਅਤੇ ਆਧੁਨਿਕ ਕੰਪਿਊਟਰ ਪ੍ਰੋਗਰਾਮ ਅਤੇ ਸੌਫਟਵੇਅਰ ਸ਼ਾਮਲ ਹੁੰਦੇ ਹਨ। ਰਿਕਾਰਡਿੰਗ ਇੰਜੀਨੀਅਰ ਨੂੰ ਕਲਾ ਅਤੇ ਵਿਗਿਆਨ ਨੂੰ ਧਿਆਨ ਨਾਲ ਸੰਤੁਲਿਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੇ ਸੰਗੀਤਕ ਸੁਪਨਿਆਂ ਨੂੰ ਹਕੀਕਤ ਬਣਾਉਣ ਲਈ ਕਲਾਕਾਰ ਦੀਆਂ ਲੋੜਾਂ ਨੂੰ ਸੰਚਾਰ ਕਰਨ ਅਤੇ ਸਮਝਣ ਦੇ ਯੋਗ ਹੋਣਾ ਚਾਹੀਦਾ ਹੈ। ਇਸ ਲਈ ਕੰਪਿਊਟਰ, ਇੰਜੀਨੀਅਰਿੰਗ ਜਾਂ ਸੂਚਨਾ ਵਿਗਿਆਨ ਜਾਂ ਇਸ ਦੇ ਬਰਾਬਰ ਦੀ ਬੈਚਲਰ ਡਿਗਰੀ ਦੀ ਲੋੜ ਹੁੰਦੀ ਹੈ। ਇੱਕ ਸਾਊਂਡ ਇੰਜੀਨੀਅਰ ਦੀ ਔਸਤ ਤਨਖਾਹ 4,00,000 ਰੁਪਏ ਪ੍ਰਤੀ ਸਾਲ ਹੈ। ਸੰਗੀਤ ਸਟੂਡੀਓ ਮੈਨੇਜਰ: ਸਟੂਡੀਓ ਪ੍ਰਬੰਧਕ ਇਹ ਯਕੀਨੀ ਬਣਾਉਂਦੇ ਹਨ ਕਿ ਸੈਸ਼ਨਾਂ ਤੋਂ ਪਹਿਲਾਂ ਇਮਾਰਤ ਦੇ ਰੱਖ-ਰਖਾਅ ਅਤੇ ਸਟੂਡੀਓ ਦੀ ਤਿਆਰੀ ਦੀ ਨਿਗਰਾਨੀ ਕਰਕੇ ਸਟੂਡੀਓ ਕੁਸ਼ਲਤਾ ਨਾਲ ਚੱਲਦਾ ਹੈ। ਸੰਗੀਤ ਉਦਯੋਗ ਵਿੱਚ ਕੰਮ ਕਰਨ ਵਾਲੇ ਸਟੂਡੀਓ ਪ੍ਰਬੰਧਕ ਆਮ ਤੌਰ 'ਤੇ ਰਿਕਾਰਡਿੰਗ ਸਟੂਡੀਓ ਦੀ ਨਿਗਰਾਨੀ ਕਰਦੇ ਹਨ ਅਤੇ ਰਿਕਾਰਡਿੰਗ ਲਈ ਕਲਾਕਾਰਾਂ ਨੂੰ ਤਹਿ ਕਰਦੇ ਹਨ। ਕੁਝ ਸੰਗੀਤ ਸਟੂਡੀਓ ਪ੍ਰਬੰਧਕ ਵੀ ਰਿਕਾਰਡਿੰਗ ਸਟੂਡੀਓ ਦੇ ਮਾਲਕ ਹਨ। ਉਹ ਮਾਰਕੀਟਿੰਗ ਅਤੇ ਇਸ਼ਤਿਹਾਰਬਾਜ਼ੀ, ਬਜਟ ਡਿਜ਼ਾਈਨ ਕਰਨ ਅਤੇ ਗਾਹਕਾਂ ਅਤੇ ਇੰਜੀਨੀਅਰਾਂ ਵਿਚਕਾਰ ਲਿੰਕ ਵਜੋਂ ਕੰਮ ਕਰਨ ਦੀ ਵੀ ਨਿਗਰਾਨੀ ਕਰਦੇ ਹਨ। ਕਿਉਂਕਿ ਉਹ ਅਕਸਰ ਵਿੱਤੀ ਮਾਮਲਿਆਂ ਨੂੰ ਸੰਭਾਲਦੇ ਹਨ, ਚਾਹਵਾਨ ਰਿਕਾਰਡਿੰਗ ਸਟੂਡੀਓ ਪ੍ਰਬੰਧਕਾਂ ਨੂੰ ਵਿੱਤੀ ਪਿਛੋਕੜ ਹੋਣ ਦਾ ਵੀ ਫਾਇਦਾ ਹੁੰਦਾ ਹੈ। ਉਹ ਪੇਸ਼ੇਵਰ ਰਿਕਾਰਡਿੰਗ ਸਟੂਡੀਓ ਲਈ ਲੋੜੀਂਦੇ ਸਾਰੇ ਲੋੜੀਂਦੇ ਸਾਜ਼ੋ-ਸਾਮਾਨ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਜ਼ੰਮੇਵਾਰ ਹਨ। ਸੰਗੀਤ ਦੇ ਕਾਰੋਬਾਰ ਵਿੱਚ ਇੱਕ ਸਟੂਡੀਓ ਮੈਨੇਜਰ ਦੇ ਜਿੰਨੇ ਜ਼ਿਆਦਾ ਸੰਪਰਕ ਹੁੰਦੇ ਹਨ, ਰਿਕਾਰਡਿੰਗ ਸਟੂਡੀਓ ਦੀ ਵਪਾਰਕ ਸਫਲਤਾ ਦੀਆਂ ਸੰਭਾਵਨਾਵਾਂ ਉੱਨੀਆਂ ਹੀ ਬਿਹਤਰ ਹੁੰਦੀਆਂ ਹਨ। ਉਹਨਾਂ ਦਾ ਆਮ ਤੌਰ 'ਤੇ ਸੰਚਾਰ, ਪ੍ਰਸਾਰਣ, ਸੰਗੀਤ ਉਤਪਾਦਨ ਜਾਂ ਇੰਜੀਨੀਅਰਿੰਗ ਵਿੱਚ ਵਿਦਿਅਕ ਪਿਛੋਕੜ ਹੁੰਦਾ ਹੈ। ਇੱਕ ਸਟੂਡੀਓ ਮੈਨੇਜਰ ਦੀ ਸ਼ੁਰੂਆਤੀ ਤਨਖਾਹ ਲਗਭਗ 4,00,000 ਰੁਪਏ ਪ੍ਰਤੀ ਸਾਲ ਹੈ। ਇੰਸਟਰੂਮੈਂਟਲਿਸਟ: ਇੱਕ ਇੰਸਟ੍ਰੂਮੈਂਟਲਿਸਟ ਇੱਕ ਸੰਗੀਤਕਾਰ ਹੁੰਦਾ ਹੈ ਜੋ ਇੱਕ ਜਾਂ ਇੱਕ ਤੋਂ ਵੱਧ ਸੰਗੀਤਕ ਸਾਜ਼ ਵਜਾਉਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਸੰਗੀਤਕ ਸ਼ੈਲੀਆਂ ਦਾ ਪ੍ਰਦਰਸ਼ਨ ਕਰਦਾ ਹੈ। ਇੰਸਟ੍ਰੂਮੈਂਟਲਿਸਟ ਇੱਕ ਇਕੱਲੇ ਕਲਾਕਾਰ ਦੇ ਤੌਰ 'ਤੇ ਪੇਸ਼ਕਾਰੀ ਕਰ ਸਕਦਾ ਹੈ ਜਾਂ ਸੰਗਤ ਦੇ ਨਾਲ ਪਾਠਾਂ ਵਿੱਚ ਖੇਡ ਸਕਦਾ ਹੈ, ਜਾਂ ਇੱਕ ਸੰਗੀਤਕ ਸਮੂਹ ਜਿਵੇਂ ਕਿ ਇੱਕ ਆਰਕੈਸਟਰਾ ਜਾਂ ਇੱਕ ਬੈਂਡ ਦੇ ਮੈਂਬਰ ਵਜੋਂ। ਲਾਈਵ ਪ੍ਰਦਰਸ਼ਨ ਵਿੱਚ ਪ੍ਰਦਰਸ਼ਨ ਕਰਨ ਅਤੇ ਸੰਗੀਤ ਸਟੂਡੀਓ ਵਿੱਚ ਰਿਕਾਰਡਿੰਗ ਵਿੱਚ ਹਿੱਸਾ ਲੈਣ ਦੇ ਮੌਕੇ ਵੀ ਹੋਣਗੇ। ਕਈ ਗੁਣ ਹਨ ਜੋ ਇੱਕ ਸਾਜ਼ ਵਾਦਕ ਦੀ ਸਫਲਤਾ ਵਿੱਚ ਮਦਦ ਕਰਦੇ ਹਨ ਜਿਸ ਵਿੱਚ ਇੱਕ ਜਾਂ ਇੱਕ ਤੋਂ ਵੱਧ ਸਾਜ਼ ਵਜਾਉਣ ਵਿੱਚ ਸੰਗੀਤ ਦੇ ਹੁਨਰ ਦੇ ਖੇਤਰ ਵਿੱਚ ਉੱਚ ਪੱਧਰੀ ਸਿੱਖਿਆ ਅਤੇ ਅਨੁਭਵ, ਸੰਗੀਤ ਦੀਆਂ ਸ਼ੀਟਾਂ ਨੂੰ ਪੜ੍ਹਨ ਅਤੇ ਉਹਨਾਂ ਤੋਂ ਵਜਾਉਣ ਦੀ ਯੋਗਤਾ ਅਤੇ ਉਹਨਾਂ ਦੁਆਰਾ ਭੁਗਤਾਨ ਕਰਨ ਦੇ ਤਰੀਕੇ ਨਾਲ ਅਨੁਕੂਲਤਾ ਸ਼ਾਮਲ ਹਨ। ਦਰਸ਼ਕਾਂ ਦੁਆਰਾ ਲੋੜੀਂਦੀ ਵਿਸ਼ੇਸ਼ ਸ਼ੈਲੀ 'ਤੇ ਨਿਰਭਰ ਕਰਦੇ ਹੋਏ ਉਹਨਾਂ ਦਾ ਸਾਧਨ। ਇਸ ਕੈਰੀਅਰ ਵਿੱਚ ਸਫਲ ਹੋਣ ਲਈ, ਇੱਕ ਲਚਕਦਾਰ ਵਿਅਕਤੀ ਹੋਣਾ ਅਤੇ ਕਈ ਕਿਸਮਾਂ ਦੇ ਸਮੂਹਾਂ ਦੇ ਸਾਹਮਣੇ ਪ੍ਰਦਰਸ਼ਨ ਕਰਨ ਲਈ ਤਿਆਰ ਹੋਣਾ ਜ਼ਰੂਰੀ ਹੈ। ਜਦੋਂ ਕਿ ਇੱਕ ਸਾਜ਼-ਸਾਮਾਨ ਲਈ ਕੋਈ ਖਾਸ ਵਿਦਿਅਕ ਲੋੜ ਨਹੀਂ ਹੁੰਦੀ ਹੈ, ਉਹਨਾਂ ਨੂੰ ਆਪਣੀ ਪਸੰਦ ਦਾ ਸਾਜ਼ ਵਜਾਉਣ ਵਿੱਚ ਬਹੁਤ ਹੁਨਰਮੰਦ ਹੋਣਾ ਚਾਹੀਦਾ ਹੈ ਜੋ ਸਿਰਫ ਸਾਲਾਂ ਦੇ ਅਭਿਆਸ ਅਤੇ ਸਿਖਲਾਈ ਨਾਲ ਆ ਸਕਦਾ ਹੈ। ਇੱਕ ਯੰਤਰਕਾਰ ਦੀ ਆਮਦਨ ਉਸ ਦੁਆਰਾ ਵਜਾਏ ਗਏ ਸਾਜ਼ ਦੀ ਕਿਸਮ 'ਤੇ ਨਿਰਭਰ ਕਰਦੀ ਹੈ। ਜੇਕਰ ਤੁਹਾਡੇ ਕੋਲ ਇੱਕ ਜਨੂੰਨ ਹੈਸੰਗੀਤ ਲਈ, ਤੁਸੀਂ ਦੇਖ ਸਕਦੇ ਹੋ ਕਿ ਸੰਗੀਤ ਨਾਲ ਸਬੰਧਤ ਕਈ ਤਰ੍ਹਾਂ ਦੇ ਕਰੀਅਰ ਉਪਲਬਧ ਹਨ। ਹਰੇਕ ਸੰਗੀਤ ਕੈਰੀਅਰ ਲਈ ਇੱਕ ਵਿਲੱਖਣ ਹੁਨਰ ਸੈੱਟ ਅਤੇ ਹੋਰ ਜ਼ਰੂਰੀ ਪਿਛੋਕੜ ਦੀ ਲੋੜ ਹੁੰਦੀ ਹੈ। ਇਹ ਪਤਾ ਲਗਾਉਣ ਲਈ ਸਮਾਂ ਬਿਤਾਉਣਾ ਮਹੱਤਵਪੂਰਨ ਹੈ ਕਿ ਤੁਹਾਡੇ ਲਈ ਕਿਹੜਾ ਮਾਰਗ ਸਹੀ ਹੈ। ਤੁਸੀਂ ਆਪਣੀ ਇੱਛਾ ਅਤੇ ਰੁਚੀ ਅਨੁਸਾਰ ਉਪਰੋਕਤ ਪੇਸ਼ੇ ਵਿੱਚੋਂ ਕਿਸੇ ਨੂੰ ਵੀ ਆਪਣੇ ਕਰੀਅਰ ਵਜੋਂ ਚੁਣ ਸਕਦੇ ਹੋ।

The Mortgage Centre
We work for you, not the lenders.




**Debt Consolidation** | **Renovations & Repairs** | **Avoiding High penalities**

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
# JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com

RECENTLY LISTED IN YOUR NEIGHBOURHOOD

## Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

## James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

## Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

## Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
Call JAG AUJLA Cell 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE

SAFE, RELIABLE AND EFFICIENT SERVICE AT THE BEST RATES


Asian Food Centre
WE'RE HERE TO SERVE ONLY THE BEST PRODUCTS FOR YOU.
FRESH
FRUITS & VEGETABLES
Healthy & fresh grocery
Variety of Indian Sweets Available
OPEN NOW
340 Woodlawn RD Guelph, N1H 7K6
ETOBICOKE
10 Westmore Dr. 416-740-3262 MEAT SHOP AVAILABLE
MISSISSAUGA
1075 Ceremonial Dr 905-502-1600 MEAT SHOP AVAILABLE
BRAMPTON
621 Wanless Dr. 905-495-3336 MEAT SHOP AVAILABLE
BRAMPTON
2120 N Park Dr. 905-793-1338 MEAT SHOP AVAILABLE
BRAMPTON
80 Pertosa Dr. 905-460-0009
TOLL FREE 1-800-708-9232
BRAMPTON
40 Airport RD & Lacoste Blvd. 905-794-8109 MEAT SHOP AVAILABLE
BRAMPTON
10510 Torbram Rd. 905-790-0030
BRAMPTON
10 Pannahill Dr. 905-913-8017 MEAT SHOP AVAILABLE
GUELPH
340 Woodlawn Rd W 226-669-0004
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media